@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ
Qaumi Patrika NO.1

Punjabi National Daily

ਦਿਲ੍ਲੀ, ਹਿਮਾਚਲ, ਹਰਿਯਾਣਾ, ਪੰਜਾਬ, ਉਤ੍ਤਰ ਪ੍ਰਦੇਸ਼, ਉਤ੍ਤਰਾਖਣ੍ਡ ਸੇ ਪ੍ਰਸਾਰਿਤ।
Tuesday, 2 December 2025

VISIT:
www.qaumipatrika.org
Email: qpatrika@gmail.com

ਨਵੀਂ ਦਿੱਲੀ: ਮੰਗਲਵਾਰ 2 ਦਸੰਬਰ 2025, 18 ਮੱਘਰ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 44, ਅੰਕ 28, qpatrika@gmail.com ਫੋਨ : 9971359517 www.qaumipatrika.org

ਕੇਰਲ ; ਮੁੱਖ ਮੰਤਰੀ ਦੇ ਸਰਕਾਰੀ ਨਿਵਾਸ ਤੇ ਬੈਂਕ ਨੂੰ ਮਿਲੀ ਬੰਬ ਨਾਲ ਉਡਾਉਣ ਦੀ ਧਮਕੀ

ਨੈਸ਼ਨਲ ਡੈਸਕ 1 ਦਸੰਬਰ। ਦੱਖਣੀ ਸੂਬੇ ਕੇਰਲ ਤੋਂ ਇਕ ਸਨਸਨੀਖੇਜ਼ ਖ਼ਬਰ ਸਾਹਮਣੇ ਆ ਰਹੀ ਹੈ, ਜਿੱਥੇ ਪੁਲਸ ਨੇ ਦੱਸਿਆ ਕਿ ਕੇਰਲ ਦੇ ਮੁੱਖ ਮੰਤਰੀ ਪਿਨਾਰਾਈ ਵਿਜਯਨ ਦੇ ਸਰਕਾਰੀ ਨਿਵਾਸ ਅਤੇ ਪਲਾਇਮ ਵਿੱਚ ਇੱਕ ਨਿੱਜੀ ਬੈਂਕ ਵਿੱਚ ਬੰਬ ਦੀ ਧਮਕੀ ਮਿਲਣ ਤੋਂ ਬਾਅਦ ਸੋਮਵਾਰ ਨੂੰ ਜਾਂਚ ਕੀਤੀ ਗਈ, ਜੋ ਕਿ ਜਾਅਲੀ ਪਾਈ ਗਈ। ਪੁਲਸ ਨੇ ਦੱਸਿਆ ਕਿ ਮੁੱਖ ਮੰਤਰੀ ਦੇ ਨਿੱਜੀ ਸਕੱਤਰ ਨੂੰ ਧਮਕੀ ਭਰੀ ਈਮੇਲ ਮਿਲਣ ਤੋਂ ਬਾਅਦ

ਮੁੱਖ ਮੰਤਰੀ ਦੇ ਨਿਵਾਸ ਕਲਿਫ ਹਾਊਸ 'ਤੇ ਤੁਰੰਤ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਗਈ। ਡੌਗ ਸਕੁਐਡ ਅਤੇ ਬੰਬ ਖੋਜ ਟੀਮਾਂ ਤਾਇਨਾਤ ਕੀਤੀਆਂ ਗਈਆਂ ਸਨ। ਬਾਅਦ ਵਿੱਚ ਈਮੇਲ ਦੇ ਜਾਅਲੀ ਹੋਣ ਦੀ ਪੁਸ਼ਟੀ ਹੋਈ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਮੁੱਖ ਮੰਤਰੀ ਦੇ ਨਿਵਾਸ ਨੂੰ ਬੰਬ ਦੀ ਧਮਕੀ ਸੰਬੰਧੀ ਜਾਅਲੀ ਈਮੇਲ ਪਹਿਲਾਂ ਵੀ ਪ੍ਰਾਪਤ ਹੋ ਚੁੱਕੇ ਹਨ। ਇਹ ਸਾਰੇ ਈਮੇਲ ਤਾਮਿਲਨਾਡੂ ਵਿੱਚ ਰਾਜਨੀਤਿਕ ਵਿਕਾਸ ਅਤੇ ਉੱਥੇ ਦਰਜ ਮਾਮਲਿਆਂ ਦਾ ਹਵਾਲਾ ਦਿੰਦੇ ਹਨ। ਇੱਕ ਅਧਿਕਾਰੀ ਨੇ ਦੱਸਿਆ ਕਿ ਈਮੇਲ ਡਾਰਕ ਵੈੱਬ ਰਾਹੀਂ ਭੇਜੇ ਗਏ ਸਨ, ਜਿਸ ਨਾਲ ਦੋਸ਼ੀਆਂ ਦਾ ਪਤਾ ਲਗਾਉਣਾ ਮੁਸ਼ਕਲ ਹੋ ਗਿਆ ਸੀ। ਹਾਲਾਂਕਿ, ਸਾਵਧਾਨੀ ਦੇ ਤੌਰ 'ਤੇ, ਜਦੋਂ ਵੀ ਅਜਿਹੇ ਈਮੇਲ ਮਿਲਦੇ ਹਨ ਤਾਂ ਜਾਂਚ ਕੀਤੀ ਜਾਂਦੀ ਹੈ। ਪੁਲਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਪੰਜਾਬ 'ਚ ਅਕਾਲੀ-ਭਾਜਪਾ ਗਠਜੋੜ 'ਤੇ ਹਰਸਿਮਰਤ ਬਾਦਲ ਦਾ ਵੱਡਾ ਬਿਆਨ

ਕੌਮੀ ਪਤ੍ਰਿਕਾ

ਚੰਡੀਗੜ੍ਹ 1 ਦਸੰਬਰ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਅਕਾਲੀ-ਭਾਜਪਾ ਗਠਜੋੜ ਬਾਰੇ ਦਿੱਤੇ ਬਿਆਨ ਮਗਰੋਂ ਹੁਣ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਦਾ ਵੱਡਾ ਬਿਆਨ ਸਾਹਮਣੇ ਆ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਕੈਪਟਨ ਦੀ ਗੱਲ ਬਿਲਕੁਲ

ਸਹੀ ਹੈ ਕਿ 2032 'ਚ ਵੀ ਭਾਜਪਾ ਦੇ ਆਉਣ ਦੀ ਕੋਈ ਸੰਭਾਵਨਾ ਨਹੀਂ ਹੈ ਪਰ ਗਠਜੋੜ ਨਾਲ ਇਹ ਸੰਭਾਵਨਾ ਬਣ ਸਕਦੀ ਹੈ। ਉਨ੍ਹਾਂ ਕਿਹਾ ਕਿ ਗਠਜੋੜ ਵੀ ਉਦੋਂ ਹੀ ਹੋਵੇਗਾ, ਜਦੋਂ ਪੰਜਾਬ ਦੇ ਮੁੱਦਿਆਂ ਨੂੰ ਹੱਲ ਕੀਤਾ ਜਾਵੇਗਾ। ਬੀਬਾ ਬਾਦਲ ਨੇ ਕਿਹਾ ਕਿ ਅਕਾਲੀ ਦਲ 105 ਸਾਲ ਪਹਿਲਾਂ ਪੰਜਾਬੀਆਂ ਦੇ ਹੱਕਾਂ ਦੀ ਰਾਖੀ ਲਈ ਬਣੀ ਸੀ, ਨਾ ਕਿ ਸੱਤਾ ਲਈ। ਹਰਸਿਮਰਤ ਬਾਦਲ ਨੇ ਕਿਹਾ ਕਿ ਬਾਦਲ ਸਾਹਿਬ ਨੇ ਪੰਜਾਬ ਦੀ ਖ਼ਾਤਰ 18 ਸਾਲ ਜੇਲ੍ਹ ਕੱਟੀ ਅਤੇ ਮੈਂ ਵੀ ਕਿਸਾਨਾਂ ਦੇ ਹਿੱਤਾ ਲਈ ਅਸਤੀਫ਼ਾ ਦੇ ਦਿੱਤਾ ਸੀ। ਉਨ੍ਹਾਂ ਕਿਹਾ ਕਿ ਅਕਾਲੀ ਦਲ ਅਜਿਹੀ ਪਾਰਟੀ ਹੈ, ਜਿਸ ਨੇ ਨਾ ਕਦੇ ਪੰਜਾਬ ਦੇ ਹੱਕਾਂ ਨਾਲ ਸਮਝੌਤਾ ਕੀਤਾ ਹੈ ਅਤੇ ਨਾ ਹੀ ਕਦੇ ਕਰਾਂਗੇ, ਭਾਵੇਂ ਅਸੀਂ ਸੱਤਾਂ 'ਚ ਆਈਏ ਜਾਂ ਨਾ ਆਈਏ। ਹਰਸਿਮਰਤ ਬਾਦਲ ਨੇ ਕਿਹਾ ਕਿ ਖੇਤਰੀ ਪਾਰਟੀ ਦਾ ਹੋਣਾ ਬੇਹੱਦ ਜ਼ਰੂਰੀ ਹੈ ਅਤੇ ਸਾਡੀ ਪਾਰਟੀ ਹਮੇਸ਼ਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਨਾਲ ਖੜ੍ਹੀ ਰਹੇਗੀ।

ਸਰਦ ਰੁੱਤ ਸੈਸ਼ਨ: ਨਾਅਰੇਬਾਜ਼ੀ ਦੌਰਾਨ ਮਨੀਪੁਰ GST ਬਿੱਲ ਪਾਸ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਨੈਸ਼ਨਲ ਡੈਸਕ 1 ਦਸੰਬਰ। ਸੰਸਦ ਦਾ ਸਰਦ ਰੁੱਤ ਸੈਸ਼ਨ ਅੱਜ ਸ਼ੁਰੂ ਹੋ ਗਿਆ ਹੈ। ਅੱਜ 1 ਦਸੰਬਰ ਸਰਦ ਰੁੱਤ ਸੈਸ਼ਨ ਦਾ ਪਹਿਲਾ ਦਿਨ ਹੈ। ਇਹ ਸੈਸ਼ਨ 19 ਦਸੰਬਰ ਤੱਕ ਜਾਰੀ ਰਹੇਗਾ। ਸਰਦ ਰੁੱਤ ਸੈਸ਼ਨ ਦੌਰਾਨ ਵੱਖ-ਵੱਖ ਮੁੱਦਿਆਂ 'ਤੇ ਚਰਚਾ ਕੀਤੀ ਜਾਵੇਗੀ। ਨਤੀਜੇ ਵਜੋਂ, ਸੰਸਦ ਦੇ ਅੰਦਰ ਵਿਰੋਧੀ ਧਿਰ ਵੱਲੋਂ ਡੋਂਡਲਾਕ ਦੀ ਸੰਭਾਵਨਾ ਹੈ। ਮੰਨਿਆ ਜਾ ਰਿਹਾ ਹੈ ਕਿ ਵਿਰੋਧੀ ਧਿਰ SIR 'ਤੇ ਹੰਗਾਮਾ ਵੀ ਕਰ ਸਕਦੀ ਹੈ। ਹਾਲਾਂਕਿ, ਸਰਦ ਰੁੱਤ ਸੈਸ਼ਨ ਤੋਂ ਪਹਿਲਾਂ ਸਰਕਾਰ ਨੇ ਇੱਕ ਸਰਬ-ਪਾਰਟੀ ਮੀਟਿੰਗ ਵੀ ਬੁਲਾਈ। ਇਸ ਮੀਟਿੰਗ ਵਿੱਚ ਸਾਰੀਆਂ ਪਾਰਟੀਆਂ ਦੇ ਆਗੂਆਂ ਨੇ ਸਰਦ ਰੁੱਤ ਸੈਸ਼ਨ ਦੇ ਸ਼ਾਂਤੀਪੂਰਨ ਸੰਚਾਲਨ ਦਾ ਭਰੋਸਾ ਦਿੱਤਾ। ਇਸ ਤੋਂ ਪਹਿਲਾਂ ਸੈਸ਼ਨ ਦੀ ਕਾਰਵਾਈ ਸ਼ੁਰੂ ਹੋਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਵਿਰੋਧੀ ਧਿਰ ਨੂੰ ਸਖ਼ਤ ਸੰਦੇਸ਼ ਦਿੱਤਾ ਹੈ। ਲੋਕ ਸਭਾ ਤੋਂ ਬਾਅਦ ਰਾਜ ਸਭਾ ਦੀ ਕਾਰਵਾਈ ਵੀ ਦਿਨ ਭਰ ਲਈ ਮੁਲਤਵੀ ਕਰ ਦਿੱਤੀ ਗਈ ਹੈ। ਜ਼ੀਰੋ ਆਵਰ ਅਤੇ ਵਿਸ਼ੇਸ਼ ਜ਼ਿਕਰ ਤੋਂ ਬਾਅਦ ਚੇਅਰਮੈਨ ਸੀਪੀ ਰਾਧਾਕ੍ਰਿਸ਼ਨਨ ਨੇ ਸਦਨ ਨੂੰ ਦਿਨ ਭਰ ਲਈ ਮੁਲਤਵੀ ਕਰਨ ਦਾ ਐਲਾਨ ਕੀਤਾ। ਵਿਰੋਧੀ ਧਿਰ ਦੇ ਹੰਗਾਮੇ ਕਾਰਨ ਲੋਕ ਸਭਾ ਮੰਗਲਵਾਰ ਸਵੇਰੇ 11 ਵਜੇ ਤੱਕ ਮੁਲਤਵੀ ਕਰ ਦਿੱਤੀ ਗਈ।

ਵਿਰੋਧੀ ਧਿਰ ਐਸਆਈਆਰ ਮੁੱਦੇ 'ਤੇ ਚਰਚਾ ਕਰਨ 'ਤੇ ਅੜੀ ਹੈ। ਇਸ ਦੌਰਾਨ ਮਨੀਪੁਰ GST ਬਿੱਲ ਪਾਸ ਕੀਤਾ ਗਿਆ। ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਮਲਿਕਾਰੁਜਨ ਖੜਗੇ ਨੇ ਚੇਅਰਮੈਨ ਦਾ ਸਵਾਗਤ ਕੀਤਾ ਤੇ ਕਿਹਾ, ਤੁਸੀਂ ਸੀ.ਪੀ. ਰਾਧਾਕ੍ਰਿਸ਼ਨਨ ਦੇ ਹਮਨਾਮ ਹੋ। ਮੈਨੂੰ ਉਮੀਦ ਹੈ ਕਿ ਤੁਸੀਂ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਸਾਂਝਾ ਕਰੋਗੇ। ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਨੇ ਚੇਅਰਮੈਨ ਨੂੰ ਕਿਹਾ, ਮੈਂ ਤੁਹਾਨੂੰ ਅਪੀਲ ਕਰਨਾ ਚਾਹੁੰਦਾ ਹਾਂ: ਆਪਣੀ ਸੀਟ ਤੋਂ ਬਹੁਤ ਦੂਰ ਨਾ ਦੇਖੋ; ਇਸ ਵਿੱਚ ਇੱਕ ਖ਼ਤਰਾ ਹੈ। ਜੇਕਰ ਤੁਸੀਂ ਇਸ ਤਰ੍ਹਾਂ ਨਹੀਂ ਦੇਖਦੇ, ਤਾਂ ਇੱਕ ਖ਼ਤਰਾ ਵੀ ਹੈ। ਇਹ ਚੰਗਾ ਹੋਵੇਗਾ ਜੇਕਰ ਤੁਸੀਂ ਦੋਵਾਂ ਪਾਸਿਆਂ ਤੋਂ ਸੰਤੁਲਨ ਬਣਾਈ ਰੱਖੋ। ਪ੍ਰਧਾਨ ਮੰਤਰੀ ਨੇ ਤੁਹਾਡੇ ਪਿਛੋਕੜ ਦਾ ਜ਼ਿਕਰ ਕੀਤਾ। ਅਸੀਂ ਸਹਿਮਤ ਹਾਂ, ਪਰ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਤੁਸੀਂ ਕਾਂਗਰਸ ਪਾਰਟੀ ਤੋਂ ਆਏ ਹੋ। ਪ੍ਰਧਾਨ ਮੰਤਰੀ ਇੱਕ ਸ਼ਕਤੀਸ਼ਾਲੀ ਭਾਸ਼ਣ ਦੇ ਨਾਲ ਆਏ ਹਨ, ਅਤੇ ਅਸੀਂ ਇੱਥੇ ਇਸਦਾ ਜਵਾਬ ਦੇਵਾਂਗੇ। ਅਸੀਂ ਤੁਹਾਡੇ ਸਫਲ ਕਾਰਜਕਾਲ ਦੀ ਕਾਮਨਾ ਕਰਦੇ ਹਾਂ। ਰਾਜ ਸਭਾ ਦੇ ਉਪ ਚੇਅਰਮੈਨ ਹਰਿਵੰਸ਼ ਨੇ ਚੇਅਰਮੈਨ ਦਾ ਸਵਾਗਤ ਕੀਤਾ ਅਤੇ ਕਿਹਾ, ਤਾਮਿਲਨਾਡੂ ਤੋਂ ਸੀ.ਪੀ. ਰਾਧਾਕ੍ਰਿਸ਼ਨਨ ਸੱਤ ਦਹਾਕੇ ਪਹਿਲਾਂ ਇਸ ਸਦਨ ਦੇ ਚੇਅਰਮੈਨ ਬਣੇ ਸਨ। ਅੱਜ, ਤੁਸੀਂ ਉਨ੍ਹਾਂ ਤੋਂ ਬਾਅਦ ਆਏ ਹੋ। ਤੁਹਾਡਾ ਵੀ ਇਹੀ ਨਾਮ ਹੈ। ਉਨ੍ਹਾਂ ਨੇ ਸੀਪੀ ਰਾਧਾਕ੍ਰਿਸ਼ਨਨ ਦੇ ਰਾਸ਼ਟਰੀ ਸੁਰੱਖਿਆ ਅਤੇ ਸਮਾਜ ਭਲਾਈ ਲਈ ਸੰਘਰਸ਼ਾਂ 'ਤੇ ਚਰਚਾ ਕਰਦੇ ਹੋਏ ਕਿਹਾ, ਤੁਸੀਂ ਗੱਲਬਾਤ ਵਿੱਚ ਵਿਸ਼ਵਾਸ ਰੱਖਦੇ ਹੋ। ਝਾਰਖੰਡ, ਤੇਲੰਗਾਨਾ ਅਤੇ ਮਹਾਰਾਸ਼ਟਰ ਦੇ ਰਾਜਪਾਲ ਹੋਣ ਦੇ ਨਾਤੇ, ਤੁਸੀਂ ਜ਼ਿਲ੍ਹਿਆਂ ਦਾ ਦੌਰਾ ਕੀਤਾ ਅਤੇ ਲੋਕਾਂ ਨਾਲ ਭਾਵਨਾਤਮਕ ਸਬੰਧ ਸਥਾਪਿਤ ਕੀਤਾ। ਲੋਕ ਸਭਾ ਵਿੱਚ ਪ੍ਰਸ਼ਨ ਕਾਲ ਦੌਰਾਨ ਵਿਰੋਧੀ ਧਿਰ ਨੇ ਭਾਰੀ ਹੰਗਾਮਾ ਕੀਤਾ।

ਸਰਦ ਰੁੱਤ ਸੈਸ਼ਨ ਦੇ ਪਹਿਲੇ ਦਿਨ ਹੀ ਖੜਗੇ ਨੇ ਘੇਰ ਲਏ ਪ੍ਰਧਾਨ ਮੰਤਰੀ ਮੋਦੀ

ਕੌਮੀ ਪਤ੍ਰਿਕਾ

ਨਵੀਂ ਦਿੱਲੀ 1 ਦਸੰਬਰ। ਸੰਸਦ ਦੇ ਸਰਦ ਰੁੱਤ ਸੈਸ਼ਨ ਦੇ ਪਹਿਲੇ ਦਿਨ ਲੋਕ ਸਭਾ 'ਚ ਰੱਜ ਕੇ ਹੰਗਾਮਾ ਹੋ ਰਿਹਾ ਹੈ। ਇਸ ਦੌਰਾਨ ਕਾਂਗਰਸ ਦੇ ਕੌਮੀ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਖ਼ਤ ਆਲੋਚਨਾ ਕੀਤੀ ਹੈ। ਖੜਗੇ ਨੇ ਐਕਸ 'ਤੇ ਇਕ ਪੋਸਟ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨੇ ਇੱਕ ਵਾਰ ਫਿਰ ਸੰਸਦ ਦੇ ਸਾਹਮਣੇ ਮੌਜੂਦ ਮੁੱਖ ਮੁੱਦਿਆਂ ਨੂੰ ਸੰਬੋਧਨ ਕਰਨ ਦੀ ਬਜਾਏ ਡਰਾਮਾ ਕੀਤਾ ਹੈ। ਖੜਗੇ ਨੇ ਦੋਸ਼ ਲਾਇਆ ਕਿ ਪਿਛਲੇ 11 ਸਾਲਾਂ ਤੋਂ ਸਰਕਾਰ ਨੇ ਲਗਾਤਾਰ ਸੰਸਦੀ ਮਾਣ-ਮਰਿਆਦਾ ਅਤੇ ਲੋਕਤੰਤਰੀ ਪ੍ਰਣਾਲੀ ਨੂੰ ਕੁਚਲਿਆ ਹੈ। ਉਨ੍ਹਾਂ ਨੇ ਘਟਨਾਵਾਂ ਦੀ ਲੰਮੀ ਸੂਚੀ ਦਾ ਹਵਾਲਾ ਦਿੱਤਾ, ਜਿਨ੍ਹਾਂ ਵਿੱਚ ਇਹ ਦੱਸਿਆ ਗਿਆ ਕਿ ਕਿਵੇਂ ਮਾਣ-ਮਰਿਆਦਾ ਨੂੰ ਨੁਕਸਾਨ ਪਹੁੰਚਾਇਆ ਗਿਆ ਹੈ। ਖੜਗੇ ਨੇ ਦਾਅਵਾ ਕੀਤਾ ਕਿ ਪਿਛਲੇ ਮੌਨਸੂਨ ਸੈਸ਼ਨ ਦੌਰਾਨ 12 ਬਿੱਲ ਜਲਦਬਾਜ਼ੀ ਵਿੱਚ ਪਾਸ ਕੀਤੇ ਗਏ ਸਨ, ਜਿਨ੍ਹਾਂ ਵਿੱਚੋਂ ਕੁਝ ਤਾਂ 15 ਮਿੰਟ ਤੋਂ ਵੀ ਘੱਟ ਸਮੇਂ ਵਿੱਚ ਪਾਸ ਹੋਏ ਅਤੇ ਕੁਝ ਬਿਨਾਂ ਕਿਸੇ ਚਰਚਾ ਦੇ ਹੀ ਪਾਸ ਕਰ ਦਿੱਤੇ ਗਏ। ਉਨ੍ਹਾਂ ਨੇ ਦੋਸ਼ ਲਾਇਆ ਕਿ ਵਿਵਾਦਪੂਰਨ ਕਾਨੂੰਨ, ਜਿਵੇਂ ਕਿ ਕਿਸਾਨ ਵਿਰੋਧੀ ਕਾਲੇ ਕਾਨੂੰਨ, ਜੀ.ਐੱਸ.ਟੀ. ਅਤੇ ਭਾਰਤੀ ਸਿਵਲ



ਸੁਰੱਖਿਆ ਕੋਡ, ਸੰਸਦ ਵਿੱਚੋਂ ਬੁਲਡੋਜ਼ ਕੀਤੇ ਗਏ ਸਨ। ਖੜਗੇ ਨੇ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਜਦੋਂ ਸੰਸਦ ਵਿੱਚ ਮਣੀਪੁਰ ਦਾ ਮੁੱਦਾ ਉਠਾਇਆ ਗਿਆ ਤਾਂ ਪ੍ਰਧਾਨ ਮੰਤਰੀ ਉਦੋਂ ਤੱਕ ਚੁੱਪ ਰਹੇ ਜਦੋਂ ਤੱਕ ਵਿਰੋਧੀ ਧਿਰ ਨੂੰ ਬੇਭਰੋਸਗੀ ਮਤਾ ਨਹੀਂ ਲਿਆਉਣਾ ਪਿਆ। ਕਾਂਗਰਸ ਪ੍ਰਧਾਨ ਨੇ ਮੰਗ ਕੀਤੀ ਕਿ ਭਾਜਪਾ ਨੂੰ ਹੁਣ ਡਰਾਮਾ ਕਰਨਾ ਚਾਹੀਦਾ ਹੈ ਅਤੇ ਸੰਸਦ ਵਿੱਚ ਲੋਕਾਂ ਦੇ ਅਸਲ ਮੁੱਦਿਆਂ 'ਤੇ ਬਹਿਸ ਕਰਨੀ ਚਾਹੀਦੀ ਹੈ। ਵਿਰੋਧੀ ਧਿਰ ਬੇਰੁਜ਼ਗਾਰੀ, ਮਹਿੰਗਾਈ, ਆਰਥਿਕ ਅਸਮਾਨਤਾ ਅਤੇ ਦੇਸ਼ ਦੇ ਕੀਮਤੀ ਸਰੋਤਾਂ ਦੀ ਲੁੱਟ ਵਰਗੇ ਮੁੱਦਿਆਂ ਨੂੰ ਤਰਜੀਹ ਦੇਣਾ ਚਾਹੁੰਦੀ ਹੈ, ਨਾਲ ਹੀ ਵੋਟ ਚੋਰੀ ਵਰਗੇ ਕਥਿਤ ਮੁੱਦਿਆਂ ਨੂੰ ਵੀ ਉਠਾਉਣਾ ਚਾਹੁੰਦੀ ਹੈ। ਖੜਗੇ ਨੇ ਇਹ ਵੀ ਦੋਸ਼ ਲਾਇਆ ਕਿ ਬੂਥ ਲੈਵਲ ਅਫਸਰ SIR ਪ੍ਰਕਿਰਿਆ ਵਿੱਚ ਕੰਮ ਦੇ ਬੋਝ ਕਾਰਨ ਲਗਾਤਾਰ ਆਪਣੀਆਂ ਜਾਨਾਂ ਗੁਆ ਰਹੇ ਹਨ। ਇਸ ਤੋਂ ਪਹਿਲਾਂ ਕਾਂਗਰਸ ਦੇ ਸੀਨੀਅਰ ਆਗੂ ਜੈਰਾਮ ਰਮੇਸ਼ ਨੇ ਵੀ ਪ੍ਰਧਾਨ ਮੰਤਰੀ 'ਤੇ ਨਿਸ਼ਾਨਾ ਸਾਧਿਆ ਤੇ ਉਨ੍ਹਾਂ ਨੂੰ ਸਭ ਤੋਂ ਵੱਡਾ ਡਰਾਮੇਬਾਜ਼ ਕਰਾਰ ਦਿੱਤਾ। ਰਮੇਸ਼ ਨੇ ਕਿਹਾ ਕਿ ਪ੍ਰਧਾਨ ਮੰਤਰੀ ਕਦੇ ਵੀ ਸੰਸਦ ਵਿੱਚ ਹਾਜ਼ਰ ਨਹੀਂ ਹੁੰਦੇ ਅਤੇ ਨਾ ਹੀ ਵਿਰੋਧੀ ਧਿਰ ਨਾਲ ਜੁੜਦੇ ਹਨ। ਉਨ੍ਹਾਂ ਕਿਹਾ ਕਿ ਹਰ ਸੈਸ਼ਨ ਤੋਂ ਪਹਿਲਾਂ, ਪ੍ਰਧਾਨ ਮੰਤਰੀ ਸੰਸਦ ਭਵਨ ਦੇ ਬਾਹਰ ਖੜ੍ਹੇ ਹੋ ਕੇ ਦੇਸ਼ ਨਾਲ ਸ਼ਾਨਦਾਰ ਗੱਲਾਂ ਕਰਦੇ ਹਨ ਅਤੇ ਸਹਿਯੋਗ ਮੰਗਦੇ ਹਨ, ਜਦੋਂ ਕਿ ਇਹ ਸਿਰਫ਼ ਪਖੰਡ ਹੈ।

ਤੇਜਸਵੀ ਯਾਦਵ ਬਿਹਾਰ ਵਿਧਾਨ ਸਭਾ 'ਚ ਬਣੇ ਵਿਰੋਧੀ ਧਿਰ ਦੇ ਨੇਤਾ

ਨੈਸ਼ਨਲ ਡੈਸਕ 1 ਦਸੰਬਰ। ਰਾਸ਼ਟਰੀ ਜਨਤਾ ਦਲ (ਆਰਜੇਡੀ) ਦੇ ਨੇਤਾ ਤੇਜਸਵੀ ਪ੍ਰਸਾਦ ਯਾਦਵ ਨੂੰ ਬਿਹਾਰ ਵਿਧਾਨ ਸਭਾ ਵਿੱਚ ਸਰਬਸੰਮਤੀ ਨਾਲ ਮਹਾਗਠਜੋੜ ਵਿਧਾਨ ਸਭਾ ਪਾਰਟੀ ਦਾ ਨੇਤਾ ਚੁਣਿਆ ਗਿਆ। ਤੇਜਸਵੀ ਨੂੰ ਮਹਾਗਠਜੋੜ ਦੇ ਨਵੇਂ ਚੁਣੇ ਗਏ ਵਿਧਾਇਕਾਂ ਦੀ ਮੀਟਿੰਗ ਵਿੱਚ ਸਰਬਸੰਮਤੀ ਨਾਲ ਨੇਤਾ ਚੁਣਿਆ ਗਿਆ ਅਤੇ ਉਹ ਇੱਕ ਵਾਰ ਫਿਰ ਬਿਹਾਰ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਵਜੋਂ ਸੇਵਾ ਨਿਭਾਉਣਗੇ। ਉਨ੍ਹਾਂ ਨੂੰ 1 ਦਸੰਬਰ ਤੋਂ ਸ਼ੁਰੂ ਹੋਣ ਵਾਲੇ ਬਿਹਾਰ ਵਿਧਾਨ ਸਭਾ ਸੈਸ਼ਨ ਦੌਰਾਨ

ਅਧਿਕਾਰਤ ਤੌਰ 'ਤੇ ਵਿਰੋਧੀ ਧਿਰ ਦਾ ਨੇਤਾ ਘੋਸ਼ਿਤ ਕੀਤਾ ਜਾਵੇਗਾ। ਮੀਟਿੰਗ ਵਿੱਚ ਗਠਜੋੜ ਦੇ ਨੇਤਾਵਾਂ ਨੇ ਹਾਲ ਹੀ ਵਿੱਚ ਹੋਈਆਂ ਬਿਹਾਰ ਵਿਧਾਨ ਸਭਾ ਚੋਣਾਂ ਦੌਰਾਨ ਮਹਾਗਠਜੋੜ ਦੀ ਹਾਰ 'ਤੇ ਚਰਚਾ ਕੀਤੀ ਅਤੇ ਬਿਹਾਰ ਵਿੱਚ ਕਰਵਾਏ ਗਏ ਵਿਸ਼ੇਸ਼ ਤੀਬਰ ਸੋਧ (ਐਸਆਈਆਰ) ਵਿੱਚ ਬੇਨਿਯਮੀਆਂ ਨੂੰ ਪਾਰਟੀ ਦੇ ਮਾੜੇ ਪ੍ਰਦਰਸ਼ਨ ਦਾ ਇੱਕ ਮੁੱਖ ਕਾਰਨ ਦੱਸਿਆ।

SIR ਨੂੰ ਸਵਾਲ ਕਰਨਾ ਜਨਤਾ ਦਾ ਅਧਿਕਾਰ, ਚੋਣ ਕਮਿਸ਼ਨ ਇਸ ਲਈ ਜਵਾਬਦੇਹ ਹੋਵੇ: ਮੁੱਖ ਮੰਤਰੀ ਮਾਨ

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਚੰਡੀਗੜ੍ਹ 1 ਦਸੰਬਰ। ਅੱਜ, ਚੋਣਾਂ ਨੂੰ ਲੈ ਕੇ ਦੇਸ਼ ਭਰ ਵਿਚ ਇਕ ਅਜੀਬ ਬੇਚੈਨੀ ਫੈਲ ਰਹੀ ਹੈ। ਲੋਕ ਸਵਾਲ ਪੁੱਛ ਰਹੇ ਹਨ, ਚਰਚਾ ਕਰ ਰਹੇ ਹਨ ਅਤੇ ਖੁੱਲ੍ਹ ਕੇ ਆਪਣੇ ਸ਼ੰਕੇ ਪ੍ਰਗਟ ਕਰ ਰਹੇ ਹਨ। ਇਹ ਕੋਈ ਛੋਟੀ ਗੱਲ ਨਹੀਂ ਹੈ ਜਦੋਂ ਜਨਤਾ, ਲੋਕਤੰਤਰ ਦਾ ਸੱਚਾ ਮਾਲਕ, ਆਪਣੀ ਚੋਣ ਪ੍ਰਣਾਲੀ ਵਿਚ ਵਿਸ਼ਵਾਸ ਗੁਆਉਣਾ ਸ਼ੁਰੂ ਕਰ ਦਿੰਦਾ ਹੈ ਤਾਂ ਸਮਝੋ ਕਿ ਸਮੱਸਿਆ ਹੋਰ ਵੀ ਡੂੰਘੀ ਹੈ। ਇਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਹਾਲ ਹੀ ਵਿਚ ਇਕ ਬਿਆਨ ਦਿੱਤਾ ਜੋ ਲੋਕਾਂ ਦੇ ਦਿਲਾਂ ਨੂੰ ਛੂਹ ਗਿਆ। ਚੋਣ ਪ੍ਰਕਿਰਿਆ ਅਤੇ ਸੁਪਰੀਮ ਕੋਰਟ ਦੇ ਆਲੇ ਦੁਆਲੇ ਦੇ ਸ਼ੰਕਿਆਂ ਦੇ ਵਿਚਕਾਰ, ਉਨ੍ਹਾਂ ਨੇ ਉਹ ਗੱਲ ਕਹੀ ਜੋ ਲੱਖਾਂ ਭਾਰਤੀਆਂ ਨਾਲ ਗੂੰਜਦੀ ਸੀ "ਜਨਤਾ ਨੂੰ ਸਬੂਤ ਕਿਉ

ਪੰਜਾਬ ਤੋਂ 2 ਲੱਖ 'ਚ ਲਿਆਂਦੇ ਸੀ ਕੁੜੀ ਤੇ ਹਿਮਾਚਲ ਰਚਾ ਦਿੰਦੇ ਸੀ ਨਕਲੀ ਵਿਆਹ

ਕੌਮੀ ਪਤ੍ਰਿਕਾ

ਨੈਸ਼ਨਲ ਡੈਸਕ 1 ਦਸੰਬਰ। ਹਿਮਾਚਲ ਪ੍ਰਦੇਸ਼ ਦੇ ਕਾਂਗੜਾ ਜ਼ਿਲ੍ਹੇ 'ਚ ਇੱਕ ਵੱਡੇ ਨਕਲੀ ਵਿਆਹ ਰੈਕੇਟ ਦਾ ਪਰਦਾਫਾਸ਼ ਹੋਇਆ ਹੈ। ਇਹ ਗਿਰੋਹ ਖਾਸ ਤੌਰ 'ਤੇ ਉਨ੍ਹਾਂ ਪਰਿਵਾਰਾਂ ਨੂੰ ਨਿਸ਼ਾਨਾ ਬਣਾਉਂਦਾ ਸੀ ਜਿਨ੍ਹਾਂ ਦੇ ਪੁੱਤਰ ਲੰਬੇ ਸਮੇਂ ਤੋਂ ਵਿਆਹ ਨਹੀਂ ਕਰਵਾ ਪਾ ਰਹੇ ਸਨ। ਗਿਰੋਹ ਦੇ ਮੈਂਬਰ ਲਾੜੀ ਮੁਹੱਈਆ ਕਰਵਾਉਣ ਦੇ ਬਦਲੇ ਲਾੜੇ ਦੇ ਪਰਿਵਾਰ ਤੋਂ ਦੋ ਲੱਖ ਰੁਪਏ ਤੱਕ ਵਸੂਲਦੇ ਸਨ। ਇਹ ਰਕਮ ਪੰਜਾਬ ਵਿੱਚ ਵਿਆਹ ਲਈ ਕੁੜੀ ਲੱਭਣ ਦੇ ਖਰਚੇ ਵਜੋਂ ਲਈ ਜਾਂਦੀ ਸੀ। ਵਿਆਹ ਤੋਂ ਬਾਅਦ, ਲਾੜੀ ਸੋਨੇ-ਚਾਂਦੀ ਦੇ ਗਹਿਣੇ ਅਤੇ ਨਕਦੀ ਲੈ ਕੇ ਭੱਜ ਜਾਂਦੀ ਸੀ। ਨਗਰੋਟਾ ਬਾਗਵਾਨ ਪੁਲਸ ਸਟੇਸ਼ਨ ਦੇ ਅਧਿਕਾਰ ਖੇਤਰ ਵਿੱਚ ਵਾਪਰੀ ਇੱਕ ਘਟਨਾ ਦੇ ਆਧਾਰ 'ਤੇ ਪੁਲਸ ਨੇ ਇਸ ਮਾਮਲੇ ਵਿੱਚ ਪੰਜ ਮੁਲਜ਼ਮਾਂ ਨੂੰ ਸਫਲਤਾਪੂਰਵਕ ਗ੍ਰਿਫ਼ਤਾਰ ਕਰ ਲਿਆ ਹੈ। ਗ੍ਰਿਫ਼ਤਾਰ ਕੀਤੇ ਗਏ ਪੰਜ ਮੁਲਜ਼ਮਾਂ ਵਿੱਚੋਂ ਤਿੰਨ ਪੰਜਾਬ ਦੇ ਹਨ ਤੇ ਦੋ ਕਾਂਗੜਾ ਜ਼ਿਲ੍ਹੇ ਦੇ ਰਹਿਣ ਵਾਲੇ ਹਨ। ਪੰਜਾਬ ਤੋਂ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਵਿੱਚ 40 ਸਾਲਾ ਰਾਜਪ੍ਰੀਤ ਕੌਰ (ਲੁਧਿਆਣਾ), 30 ਸਾਲਾ ਰੇਣੂ (ਜਲੰਧਰ), ਅਤੇ 35 ਸਾਲਾ ਬਲਵੰਤ ਸਿੰਘ (ਲੁਧਿਆਣਾ) ਸ਼ਾਮਲ ਹਨ। ਕਾਂਗੜਾ ਜ਼ਿਲ੍ਹੇ ਤੋਂ ਗ੍ਰਿਫ਼ਤਾਰ ਕੀਤੇ ਗਏ ਦੋ ਮੁਲਜ਼ਮਾਂ ਵਿੱਚ 39 ਸਾਲਾ ਆਰਤੀ ਅਤੇ 43 ਸਾਲਾ ਪ੍ਰਦੀਪ ਕੁਮਾਰ ਵਾਸੀ ਹਿਮਾਚਲ ਸ਼ਾਮਲ ਹਨ। ਪੁਲਸ ਨੂੰ ਪੀੜਤ ਪਰਿਵਾਰ ਦੀ ਸ਼ਿਕਾਇਤ 'ਤੇ ਕਾਰਵਾਈ ਕੀਤੀ ਗਈ। ਨਗਰੋਟਾ ਬਾਗਵਾਨ ਵਿਧਾਨ ਸਭਾ ਹਲਕੇ ਦੇ ਪਟਿਆਲਾਕੜ ਦੇ ਇੱਕ ਘਰ ਵਿੱਚ ਇਸ ਗਿਰੋਹ ਦੀ ਇੱਕ ਔਰਤ ਨੇ ਵਿਆਹ ਕਰਵਾਇਆ ਸੀ। ਇਹ ਵਿਆਹ ਅਗਸਤ ਮਹੀਨੇ ਵਿੱਚ ਹੋਇਆ ਸੀ। ਵਿਆਹ ਤੋਂ ਸਿਰਫ਼ 20 ਦਿਨ ਬਾਅਦ, ਲਾੜੀ ਘਰੋਂ ਗਹਿਣੇ ਅਤੇ ਨਕਦੀ ਲੈ ਕੇ ਫਰਾਰ ਹੋ ਗਈ ਸੀ। ਸ਼ਨੀਵਾਰ (15 ਨਵੰਬਰ 2025) ਨੂੰ, ਪਿੰਡ ਵਾਸੀਆਂ ਨੇ ਇਸ ਔਰਤ ਅਤੇ ਉਸਦੇ ਹੋਰ ਸਾਥੀਆਂ ਨੂੰ ਇੱਕ ਪੰਜਾਬ ਰਜਿਸਟ?ਰੇਸ਼ਨ ਨੰਬਰ ਵਾਲੀ ਕਾਰ ਵਿੱਚ ਦੇਖਿਆ। ਇਸ ਤੋਂ ਬਾਅਦ ਲੋਕਾਂ ਨੇ ਪੁਲਸ ਨੂੰ

ਸੂਚਿਤ ਕੀਤਾ ਅਤੇ ਮੁਲਜ਼ਮਾਂ ਨੂੰ ਫੜ ਲਿਆ ਗਿਆ। ਪੁਲਸ ਨੇ ਪੰਜਾਂ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕੀਤਾ, ਜਿੱਥੋਂ ਉਨ੍ਹਾਂ ਨੂੰ ਪੰਜ ਦਿਨਾਂ ਦਾ ਪੁਲਸ ਰਿਮਾਂਡ ਦੇ ਦਿੱਤਾ ਗਿਆ ਹੈ। ਕਾਂਗੜਾ ਦੇ ਡੀਐਸਪੀ, ਅੰਕਿਤ ਸ਼ਰਮਾ ਨੇ ਦੱਸਿਆ ਕਿ ਪੁਲਿਸ ਰਿਮਾਂਡ ਦੌਰਾਨ ਮੁਲਜ਼ਮਾਂ ਤੋਂ ਸਖ਼ਤ ਪੁੱਛਗਿੱਛ ਕੀਤੀ ਜਾਵੇਗੀ ਅਤੇ ਚੋਰੀ ਹੋਏ ਗਹਿਣੇ ਤੇ ਹੋਰ ਸਮਾਨ ਬਰਾਮਦ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਡੀਐਸਪੀ ਸ਼ਰਮਾ ਨੇ ਇਹ ਵੀ ਕਿਹਾ ਕਿ ਜਾਂਚ ਕੀਤੀ ਜਾ ਰਹੀ ਹੈ ਕਿ ਕੀ ਇਹ ਗਿਰੋਹ ਪਹਿਲਾਂ ਵੀ ਹੋਰ ਪਰਿਵਾਰਾਂ ਨਾਲ ਧੋਖਾਧੜੀ ਕਰ ਚੁੱਕਾ ਹੈ। ਉਨ੍ਹਾਂ ਨੇ ਕਿਹਾ ਕਿ ਪਿਛਲੇ ਢਾਈ ਸਾਲਾਂ ਵਿੱਚ ਇਹ ਪਹਿਲਾ ਅਜਿਹਾ ਮਾਮਲਾ ਸਾਹਮਣੇ ਆਇਆ ਹੈ ਪਰ ਜੇਕਰ ਕਿਸੇ ਹੋਰ ਨੂੰ ਵੀ ਲੁੱਟਿਆ ਗਿਆ ਹੈ, ਤਾਂ ਉਨ੍ਹਾਂ ਨੂੰ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਉਣੀ ਚਾਹੀਦੀ ਹੈ। ਇਸ ਗਿਰੋਹ ਵਿੱਚ ਹੋਰ ਕੌਣ-ਕੌਣ ਸ਼ਾਮਲ ਹਨ, ਇਸ ਬਾਰੇ ਪਤਾ ਲਗਾਉਣ ਲਈ ਜਾਂਚ ਕੀਤੀ ਜਾ ਰਹੀ ਹੈ।

ਪੁਲਸ ਦੀ ਵੱਡੀ ਸਫ਼ਲਤਾ ! ਫਗਵਾੜਾ 'ਚ 'ਆਪ' ਆਗੂ ਦੇ ਘਰ 'ਤੇ ਗੋਲ?ੀਆਂ ਚੱਲਣ ਦੇ ਮਾਮਲੇ 'ਚ 3 ਗ੍ਰਿਫ਼ਤਾਰ

ਫਗਵਾੜਾ 1 ਦਸੰਬਰ। ਬੀਤੇ ਦਿਨੀਂ 'ਆਪ' ਆਗੂ ਦਲਜੀਤ ਰਾਜੂ ਦਰਵੇਸ਼ ਪਿੰਡ ਦੇ ਘਰ 'ਤੇ ਹੋਈ ਫਾਇਰਿੰਗ ਦੇ ਮਾਮਲੇ 'ਚ ਫਗਵਾੜਾ ਪੁਲਸ ਨੇ ਹਰਿਆਣਾ ਦੇ ਯਮੁਨਾਨਗਰ ਸ਼ਹਿਰ ਤੋਂ ਇਕ ਔਰਤ ਸਮੇਤ ਇਕੋ ਪਰਿਵਾਰ ਦੇ 3 ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਐੱਸ. ਪੀ. ਮਾਧਵੀ ਸ਼ਰਮਾ ਨੇ ਕਿਹਾ ਕਿ ਹੁਣ ਤੱਕ ਦੀ ਪੁਲਸ ਜਾਂਚ ਤੋਂ ਪਤਾ ਲੱਗਾ ਹੈ ਕਿ ਹਰਿਆਣਾ ਦੇ ਯਮੁਨਾਨਗਰ ਸਥਿਤ ਬੈਂਕ ਕਾਲੋਨੀ ਦੇ ਵਸਨੀਕ ਘਣਸ਼ਿਆਮ ਤਿਵਾੜੀ ਦਾ ਪੁੱਤਰ ਸ਼ੁਭਮ ਪੰਡਿਤ ਅਤੇ ਉਸ ਦੇ ਸਾਥੀ ਗੋਲੀਬਾਰੀ ਵਿਚ ਸ਼ਾਮਲ ਸਨ। ਉਨ੍ਹਾਂ ਅੱਗੇ ਕਿਹਾ ਕਿ ਪੁਲਸ ਨੇ ਸ਼ੁਭਮ ਪੰਡਿਤ ਦੇ ਪਿਤਾ ਘਣਸ਼ਿਆਮ ਤਿਵਾੜੀ, ਮਾਂ ਨੀਰਜ ਕੁਮਾਰੀ ਅਤੇ ਭਰਾ ਦੀਪਕ ਤਿਵਾੜੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਜਿਨ੍ਹਾਂ ਦੇ ਨਾਮ ਫਗਵਾੜਾ ਵਿਚ ਰਜਿਸਟਰ ਪੁਲਸ ਐੱਫ. ਆਈ. ਆਰ. 'ਚ ਦਰਜ ਕੀਤੇ ਗਏ ਸਨ। ਉਨ੍ਹਾਂ ਨੇ ਦੱਸਿਆ ਕਿ ਤਿੰਨੋਂ ਮੁਲਜ਼ਮ ਵਾਰਦਾਤ ਤੋਂ ਬਾਅਦ ਸ਼ੁਭਮ ਪੰਡਿਤ ਅਤੇ ਉਸ ਦੇ ਸਾਥੀਆਂ ਨੂੰ ਪਨਾਹ ਦੇਣ ਅਤੇ ਵਿੱਤੀ ਸਹਾਇਤਾ ਦੇਣ ਵਿਚ ਸ਼ਾਮਲ ਸਨ। ਪੁਲਸ ਸ਼ੁਭਮ ਪੰਡਿਤ ਅਤੇ ਉਸ ਦੇ ਸਾਥੀਆਂ ਨੂੰ ਲੱਭਣ ਲਈ ਲਗਾਤਾਰ ਛਾਪੇਮਾਰੀ ਕਰ ਰਹੀ ਹੈ, ਜਿਨ੍ਹਾਂ ਨੇ ਗੋਲੀਬਾਰੀ ਕੀਤੀ।

ਪਟਿਆਲਾ ਦੇ 6 ਦੋਸਤਾਂ ਦੀ ਪਹਿਲ, ਗ਼ਰੀਬ ਪਰਿਵਾਰਾਂ ਦੀਆਂ ਧੀਆਂ ਦੇ ਵਿਆਹ ਕਰਵਾਉਣ ਦਾ ਚੁੱਕਿਆ ਬੀੜਾ

ਕੌਮੀ ਪਤ੍ਰਿਕਾ

ਪਟਿਆਲਾ 1 ਦਸੰਬਰ। ਸੂਬੇ ਵਿਚ ਜਦੋਂ ਹੜ੍ਹ ਵਰਗੇ ਹਾਲਾਤ ਪੈਦਾ ਹੋਏ ਸਨ ਤਾਂ ਪਟਿਆਲਾ ਦੇ ਰਹਿਣ ਵਾਲੇ 6 ਦੋਸਤਾਂ ਨੇ ਲੋਕਾਂ ਦੀ ਮਦਦ ਲਈ ਹੱਥ ਅੱਗੇ ਵਧਾਏ ਸਨ। ਪਟਿਆਲਾ ਤੋਂ ਛੇ ਦੋਸਤ ਪ੍ਰਿੰਸ ਸਿੱਧ ਗੁਰਤੇਜ ਸਿੰਘ ਤੇਜੀ, ਜਖਨੂਰ ਸਦਾਨਾ, ਸੁਮਿਤ ਭੱਟੀ, ਪਾਰਸ ਜੱਗੀ ਅਤੇ ਜੋਬਨ ਵੀਰ ਘੁਮਾਣਾ ਨੇ ਇਕੱਠੇ ਹੋ ਕੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਜਾ ਕੇ ਪੀੜਤਾਂ ਨੂੰ ਰਾਸ਼ਨ ਅਤੇ ਹੋਰ ਸਮਾਨ ਪਹੁੰਚਾਇਆ। ਸਾਰੇ ਦੋਸਤ ਦੱਸਦੇ ਹਨ ਕਿ ਉਨ੍ਹਾਂ ਨੇ ਸਮਾਜਸੇਵਾ ਨੂੰ ਜਾਰੀ ਰੱਖਣ ਦਾ ਫ਼ੈਸਲਾ ਕੀਤਾ ਹੈ। ਇਹ ਸਮੂਹ ਸਿਰਫ਼ ਤਿੰਨ ਮਹੀਨਿਆਂ ਵਿਚ ਹੁਣ ਇੰਨਾ ਵੱਡਾ ਹੋ ਗਿਆ ਹੈ ਕਿ ਪਟਿਆਲਾ ਦੇ ਨਾਲ ਪੰਜਾਬ ਭਰ ਤੋਂ ਕਰੀਬ 2 ਹਜ਼ਾਰ ਤੋਂ ਵੱਧ ਲੋਕ ਗਰੁੱਪ ਨਾਲ ਜੁੜ ਚੁੱਕੇ ਹਨ। ਸਾਰਿਆਂ ਨੇ ਮਿਲ ਕੇ ਗੁਰਦੁਆਰਾ ਸਾਹਿਬ ਵਿਚ ਜਾ ਕੇ ਆਪਣੇ ਗਰੁੱਪ ਦਾ ਨਾਂ ਨਿਖਾਲਸ ਸੇਵਾਦਲ ਰੱਖਿਆ ਹੈ। ਨਿਖਾਲਸ ਦਾ ਅਰਥ ਹੈ ਸ਼ੁੱਧ। ਸਾਰੇ ਦੋਸਤਾਂ ਨੇ ਹੁਣ ਗਰੀਬ ਪਰਿਵਾਰਾਂ ਦੀਆਂ ਛੇ ਧੀਆਂ ਦੇ ਵਿਆਹਾਂ ਦਾ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਲਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਵਿਆਹਾਂ ਵਿੱਚ ਕੁੜੀਆਂ ਨੂੰ ਸ਼ਗਨ ਦਾ ਸਾਮਾਨ (ਬਿਸਤਰਾ, ਸੋਫਾ, ਡਬਲ ਬੈੱਡ, ਗੱਦਾ, ਵਾਸ਼ਿੰਗ ਮਸ਼ੀਨ, ਲੋਹਾ, 51 ਭਾਂਡੇ, ਸੂਟ ਅਤੇ ਕੱਪੜੇ) ਦਿੱਤੇ ਜਾ ਰਹੇ ਹਨ। ਇਸ ਦੇ ਇਲਾਵਾ ਨਾਸ਼ਤਾ, ਦੁਪਹਿਰ ਦਾ ਖਾਣਾ ਵੀ ਸੰਸਥਾ ਮੁਹੱਈਆ ਕਰਵਾਏਗੀ। ਇਹ ਸਮਾਗਮ 1 ਦਸੰਬਰ ਨੂੰ ਪਟਿਆਲਾ-ਸਰਹਿੰਦ ਰੋਡ 'ਤੇ ਸਥਿਤ ਬਾਰਨ ਪਿੰਡ ਦੇ ਗੁਰਦੁਆਰਾ ਨਾਨਕਸਰ ਵਿਖੇ ਹੋਵੇਗਾ। ਪ੍ਰਿੰਸ ਦੱਸਦੇ ਹਨ ਕਿ ਗਰੁੱਪ ਵਿੱਚ ਲਗਭਗ ਹਰ ਕੋਈ ਇਕੋ ਸੋਚ ਵਾਲਾ ਹੈ। ਜਨਮ ਦਿਨ ਦੇ ਜਸ਼ਨਾਂ 'ਤੇ ਪੈਸੇ ਖ਼ਰਚ ਕਰਨ ਦੀ ਬਜਾਏ ਸਾਰੇ ਦੋਸਤ ਪੌਦੇ ਦਾ ਲੰਗਰ ਲਗਾਉਂਦੇ ਹਨ। ਉਨ੍ਹਾਂ ਨੇ ਖ਼ੁਦ ਆਪਣੇ ਜਨਮ ਦਿਨ 'ਤੇ ਲੋਕਾਂ ਨੂੰ 5,000 ਮੁਫ਼ਤ ਪੌਦੇ ਵੰਡੇ। ਇਸ ਤੋਂ ਇਲਾਵਾ 3 ਮਹੀਨਿਆਂ 'ਚ ਲਗਭਗ 12 ਹਜ਼ਾਰ ਬੂਟੇ ਲਗਾਉਣ ਤੋਂ ਇਲਾਵਾ ਉਹ 2500 ਪੰਛੀਆਂ ਲਈ ਨਕਲੀ ਆਲ੍ਹਣੇ ਬਣਾਉਣ ਅਤੇ ਉਨ੍ਹਾਂ ਨੂੰ ਵੰਡਣ ਵੱਖ-ਵੱਖ ਜ਼ਿਲ੍ਹਿਆਂ ਵਿੱਚ ਜਾ ਕੇ ਪੀੜਤਾਂ ਨੂੰ ਰਾਸ਼ਨ ਅਤੇ ਹੋਰ ਸਮਾਨ ਪਹੁੰਚਾਇਆ। ਸਾਰੇ ਦੋਸਤ ਦੱਸਦੇ ਹਨ ਕਿ ਉਨ੍ਹਾਂ ਨੇ ਸਮਾਜਸੇਵਾ ਨੂੰ ਜਾਰੀ ਰੱਖਣ ਦਾ ਫ਼ੈਸਲਾ ਕੀਤਾ ਹੈ। ਇਹ ਸਮੂਹ ਸਿਰਫ਼ ਤਿੰਨ ਮਹੀਨਿਆਂ ਵਿਚ ਹੁਣ ਇੰਨਾ ਵੱਡਾ ਹੋ ਗਿਆ ਹੈ ਕਿ ਪਟਿਆਲਾ ਦੇ ਨਾਲ ਪੰਜਾਬ ਭਰ ਤੋਂ ਕਰੀਬ 2 ਹਜ਼ਾਰ ਤੋਂ ਦੀ ਸੇਵਾ ਵੀ ਕਰ ਰਹੇ ਹਨ। ਹਰ ਮਹੀਨੇ ਗਰੁੱਪ ਦੇ ਸਾਰੇ ਮੈਂਬਰ ਆਪਣੀ ਸ਼ਰਧਾ ਅਨੁਸਾਰ ਆਪਣੀਆਂ ਜੇਬਾਂ ਵਿੱਚੋਂ ਦਸਵੰਦ ਦਾ ਯੋਗਦਾਨ ਪਾਉਂਦੇ ਹਨ। ਗੁਰਤੇਜ ਤੇਜੀ ਦੱਸਦੇ ਹਨ ਕਿ ਉਨ੍ਹਾਂ ਦਾ ਭਾਦਾਸੋਂ ਰੋਡ 'ਤੇ ਇਕ ਸੈਲੂਨ ਹੈ। ਇਕ ਦਿਨ ਉਨ੍ਹਾਂ ਦੀ ਮੁਲਾਕਾਤ ਇਕ ਗਰੀਬ ਪਿਤਾ ਨਾਲ ਹੋਈ ਜੋ ਆਪਣੀ ਧੀ ਦੇ ਵਿਆਹ ਬਾਰੇ ਚਿੰਤਤ ਸੀ। ਉਨ੍ਹਾਂ ਇਹ ਗੱਲ ਆਪਣੇ ਦੋਸਤਾਂ ਨਾਲ ਸਾਂਝੀ ਕੀਤੀ ਅਤੇ ਫ਼ੈਸਲਾ ਕੀਤਾ ਕਿ ਉਨ੍ਹਾਂ ਦੀ ਸੰਸਥਾ ਲੋੜਵੰਦ ਪਰਿਵਾਰਾਂ ਨੂੰ ਲੱਭੇਗੀ ਅਤੇ ਆਪਣੇ ਖ਼ਰਚੇ 'ਤੇ ਗਰੀਬ ਧੀਆਂ ਦੇ ਵਿਆਹ ਦਾ ਪ੍ਰਬੰਧ ਕਰੇਗੀ। ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਲੋੜਵੰਦ ਪਰਿਵਾਰਾਂ ਨੂੰ ਸੱਦਾ ਦਿੱਤਾ ਅਤੇ 35 ਤੋਂ 40 ਅਰਜ਼ੀਆਂ ਪ੍ਰਾਪਤ ਕੀਤੀਆਂ।

ਪੈਨਸ਼ਨਰਾਂ ਨੇ ਵੱਡੀ ਗਿਣਤੀ 'ਚ ਪੁੱਜ ਕੇ 'ਪੈਨਸ਼ਨਰ ਸੇਵਾ ਮੇਲੇ' ਦਾ ਲਿਆ ਲਾਭ

ਫ਼ਿਰੋਜ਼ਪੁਰ 1 ਦਸੰਬਰ। ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਦੇ ਦਿਸ਼ਾ-ਨਿਰਦੇਸ਼ਾਂ 'ਤੇ 13 ਨਵੰਬਰ 2025 ਤੋਂ ਸ਼ੁਰੂ ਹੋਏ 3 ਦਿਨਾਂ ਸਰਕਾਰੀ ਪੈਨਸ਼ਨਰ ਸੇਵਾ ਮੇਲੇ ਦੇ ਆਖ਼ਰੀ ਦਿਨ ਜ਼ਿਲ੍ਹੇ ਭਰ ਦੇ ਪੈਨਸ਼ਨਰਾਂ ਨੇ ਆਪਣੀ ਈ-ਕੇ. ਵਾਈ. ਸੀ. ਪੋਰਟਲ 'ਤੇ ਕਰਵਾਉਣ ਸਮੇਤ ਆਪਣੇ

ਲਾਈਫ ਸਰਟੀਫਿਕੇਟ ਆਨਲਾਈਨ ਕਰਵਾਏ। ਇਸ ਮੌਕੇ ਜ਼ਿਲ੍ਹਾ ਖਜ਼ਾਨਾ ਅਫ਼ਸਰ ਤੇਜਿੰਦਰ ਸਿੰਘ ਨੇ ਆਏ ਸਾਰੇ ਪੈਨਸ਼ਨਰਾਂ ਦਾ ਇਸ ਮੇਲੇ ਦਾ ਲਾਭ ਲੈਣ ਲਈ ਧੰਨਵਾਦ ਕੀਤਾ। ਉਨ੍ਹਾਂ ਜਾਣਕਾਰੀ ਦਿੰਦਿਆ ਦੱਸਿਆ ਕਿ ਰਾਜ ਸਰਕਾਰ ਵੱਲੋਂ ਪੈਨਸ਼ਨਰ/ਫੈਮਲੀ ਪੈਨਸ਼ਨਰਾਂ ਦੀ ਸਹੂਲਤ ਲਈ ਪੈਨਸ਼ਨਰ ਸੇਵਾ ਪੋਰਟਲ ਲਾਗੂ ਕੀਤਾ ਜਾ ਚੁੱਕਾ ਹੈ, ਜਿਸ ਰਾਹੀਂ ਪੈਨਸ਼ਰ ਘਰ ਬੈਠੇ ਹੀ ਆਪਣਾ ਲਾਈਫ ਸਰਟੀਫਿਕੇਟ ਅਪਲੋਡ ਕਰ ਸਕਣਗੇ। ਉਨ੍ਹਾਂ ਦੱਸਿਆ ਕਿ ਇਸ ਪੋਰਟਲ ਰਾਹੀਂ ਮਹੀਨਾਵਾਰ ਪੈਨਸ਼ਨ ਦੀ ਅਕਾਊਂਟਿੰਗ, ਈ. ਪੀ. ਪੀ. ਪੈਨਸ਼ਨ ਡਾਟਾ ਸ਼ਿਕਾਇਤ ਨਿਵਾਰਨ ਸਕਸੈਸ਼ਨ ਮਾਡਿਊਲ ਆਦਿ ਦੀ ਵਿਵਸਥਾ ਉਪਲੱਬਧ ਹੈ। ਉਨ੍ਹਾਂ ਦੱਸਿਆ ਕਿ ਪੈਨਸ਼ਰਾਂ ਦੀ ਜੀਵਨ ਪ੍ਰਮਾਣ ਪੱਤਰ ਦੀ ਪੈਨਸ਼ਨ ਸੇਵਾ ਪੋਰਟਲ ਨਾਲ ਜੋੜਨ ਦੀ ਪ੍ਰਕਿਰਿਆ ਮੁਕੰਮਲ ਹੋ ਚੁੱਕੀ ਹੈ। ਜ਼ਿਲ੍ਹਾ ਖ਼ਜਾਨਾ ਅਫ਼ਸਰ ਨੇ ਦੱਸਿਆ ਕੇ ਪੈਨਸ਼ਨਰ ਸੇਵਾ ਪੋਰਟਲ ਤਹਿਤ ਹਰੇਕ ਪੈਨਸ਼ਨਰ/ਫੈਮਲੀ ਪੈਨਸ਼ਨਰ ਦਾ ਈ-ਕੇ. ਵਾਈ. ਸੀ. ਕਰਵਾਇਆ ਜਾਣਾ ਲਾਜ਼ਮੀ ਹੈ। ਭਵਿੱਖ 'ਚ ਪੰਜਾਬ ਸਰਕਾਰ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਹੁਕਮਾਂ 'ਤੇ ਪੈਨਸ਼ਨ ਸੇਵਾ ਪੋਰਟਲ 'ਤੇ ਰਹਿ ਗਏ ਪੈਨਸ਼ਨਰਾਂ ਦਾ ਡਾਟਾ ਅਗਲੇ ਹੁਕਮਾਂ ਤੱਕ ਚਾਲੂ ਰਹੇਗਾ। ਕੋਈ ਵੀ ਪੈਨਸ਼ਨਰ ਕਿਸੇ ਵੀ ਕੰਮ ਵਾਲੇ ਦਿਨ ਸਬੰਧਿਤ ਬੈਂਕਾਂ ਅਤੇ ਜ਼ਿਲ੍ਹਾ ਖ਼ਜਾਨਾ ਦਫ਼ਤਰ ਵਿਚ ਤਾਲਮੇਲ ਕਰ ਸਕਦਾ ਹੈ। ਇਸ ਦੇ ਨਾਲ ਹੀ ਦੂਰ-ਦੁਰਾਡੇ ਦੇ ਪੈਨਸ਼ਨਰਾਂ ਦੀ ਸਹੂਲਤ ਲਈ ਜ਼ਿਲ੍ਹੇ ਦੇ ਤਹਿਸੀਲ ਖ਼ਜ਼ਾਨਾ ਦਫ਼ਤਰਾਂ ਵਿਚ ਵੀ ਪੈਨਸ਼ਨਰਾਂ ਦੀ ਈ. ਕੇ. ਵਾਈ. ਸੀ. ਸ਼ੁਰੂ ਕੀਤੀ ਜਾ ਰਹੀ ਹੈ।

ਕੰਬੋਡੀਆ 'ਚ ਸਾਈਬਰ ਬੰਧਕ ਬਣਿਆ ਬਾਗਪਤ ਦਾ ਨੌਜਵਾਨ ਸੁਰੱਖਿਅਤ ਭਾਰਤ ਪਰਤਿਆ

ਬਾਗਪਤ 1 ਦਸੰਬਰ। ਕੰਬੋਡੀਆ ਵਿਚ ਸਾਈਬਰ ਬੰਧਕ ਬਣੇ ਬਾਗਪਤ ਦੇ ਇਕ ਨੌਜਵਾਨ ਨੂੰ ਸੁਰੱਖਿਅਤ ਭਾਰਤ ਵਾਪਸ ਲਿਆਂਦਾ ਗਿਆ। ਸਾਈਬਰ ਕ੍ਰਾਈਮ ਸੈੱਲ ਦੀ ਕਾਰਵਾਈ ਅਤੇ ਅੰਤਰਰਾਸ਼ਟਰੀ ਤਾਲਮੇਲ ਨੇ ਨੌਜਵਾਨ ਨੂੰ ਇਕ ਵਿਦੇਸ਼ੀ ਗਿਰੋਹ ਦੇ ਚੁੰਗਲ 'ਚੋਂ ਛੁਡਵਾਇਆ। ਵਿਕਾਸ ਰਾਣਾ ਨਾਂ ਦੇ ਇਕ ਨੌਜਵਾਨ ਨੂੰ ਨੌਕਰੀ ਦੇ ਬਹਾਨੇ ਕੰਬੋਡੀਆ ਲਿਆਂਦਾ ਗਿਆ ਸੀ, ਜਿੱਥੇ ਉਸ ਨੂੰ ਇਕ ਆਨਲਾਈਨ ਧੋਖਾਦੇਹੀ ਕੇਂਦਰ ਵਿਚ ਕੰਮ ਕਰਨ ਲਈ ਮਜਬੂਰ ਕੀਤਾ ਗਿਆ ਸੀ। ਉਸਦੇ ਪਰਿਵਾਰ ਤੋਂ ਮਿਲੀ ਜਾਣਕਾਰੀ 'ਤੇ ਕਾਰਵਾਈ ਕਰਦੇ ਹੋਏ ਸਾਈਬਰ ਕ੍ਰਾਈਮ ਸੈੱਲ ਨੇ ਜਾਂਚ ਸ਼ੁਰੂ ਕੀਤੀ ਅਤੇ ਕੰਬੋਡੀਆ ਵਿਚ ਇਕ ਸ਼ੱਕੀ ਕੈਂਪ ਵਿਚ ਉਸਦੀ ਸਥਿਤੀ ਦਾ ਪਤਾ ਲਗਾਇਆ। ਮਾਮਲਾ 'ਇੰਡੀਅਨ ਸਾਈਬਰ ਕ੍ਰਾਈਮ ਕੋਆਰਡੀਨੇਸ਼ਨ ਸੈਂਟਰ' ਰਾਹੀਂ ਭਾਰਤੀ ਦੂਤਘਰ, ਕੰਬੋਡੀਆ ਤੱਕ ਪਹੁੰਚਾਇਆ ਗਿਆ, ਜਿਸ ਤੋਂ ਬਾਅਦ ਕਈ ਦਿਨਾਂ ਦੀ ਕਾਰਵਾਈ ਅਤੇ ਸਥਾਨਕ ਏਜੰਸੀਆਂ ਦੇ ਸਹਿਯੋਗ ਨਾਲ ਨੌਜਵਾਨ ਨੂੰ ਛੁਡਾਇਆ ਗਿਆ। ਦੂਤਘਰ ਨੇ ਉਸ ਨੂੰ ਹਿਰਾਸਤ ਵਿਚ ਲੈ ਕੇ ਯਾਤਰਾ ਦਸਤਾਵੇਜ਼ ਤਿਆਰ ਕੀਤੇ ਅਤੇ ਉਸ ਨੂੰ ਭਾਰਤ ਭੇਜ ਦਿੱਤਾ। ਉਸਦੀ ਵਾਪਸੀ 'ਤੇ ਨੌਜਵਾਨ ਦਾ ਬਿਆਨ ਦਰਜ ਕੀਤਾ ਗਿਆ ਅਤੇ ਉਸ ਨੂੰ ਉਸਦੇ ਪਰਿਵਾਰ ਦੇ ਹਵਾਲੇ ਕਰ ਦਿੱਤਾ ਗਿਆ।

ਜੱਗੂ ਭਗਵਾਨਪੁਰੀਏ ਦਾ ਗੁਰਗਾ ਪੁਲਸ ਮੁਕਾਬਲੇ 'ਚ ਜ਼ਖਮੀ, ਦੀਪ ਚੀਮਾ ਨਾਮ ਦੇ ਨੌਜਵਾਨ ਦੇ ਕਤਲ 'ਚ ਸੀ ਨਾਮਜ਼ਦ

ਕੌਮੀ ਪਤ੍ਰਿਕਾ

ਗੁਰਦਾਸਪੁਰ 1 ਦਸੰਬਰ। ਬੀਤੀ ਦੇਰ ਰਾਤ ਪੁਲਸ ਮੁਕਾਬਲੇ ਦੌਰਾਨ ਨਾਮੀ ਗੈਂਗਸਟਰ ਜੱਗੂ ਭਗਵਾਨਪੁਰੀਏ ਦਾ ਗੁਰਗਾ ਮਾਨਿਕ ਛੇਹਰਟਾ ਗੋਲੀ ਲੱਗਣ ਨਾਲ ਜ਼ਖਮੀ ਹੋ ਗਿਆ। ਦੱਸਣਯੋਗ ਹੈ ਕਿ ਬੀਤੀ 2 ਨਵੰਬਰ ਨੂੰ ਬਟਾਲਾ ਦੇ ਡੇਰਾ ਬਾਬਾ ਨਾਨਕ ਰੋਡ 'ਤੇ ਗੋਲੀਆਂ ਮਾਰ ਕੇ ਕਤਲ ਕੀਤੇ ਗਏ ਨੌਜਵਾਨ ਦੀਪ ਚੀਮਾ ਦੇ ਮਾਮਲੇ 'ਚ ਨਾਮਜ਼ਦ

ਪੀ ਡਬਲਿਊ ਡੀ ਤਾਲਮੇਲ ਸੰਘਰਸ਼ ਕਮੇਟੀ ਵੱਲੋਂ ਹਲਕਾ ਵਿਧਾਇਕ ਰਾਹੀਂ ਮੁੱਖ ਮੰਤਰੀ ਦੇ ਨਾਮ ਦਿੱਤਾ ਮੰਗ ਪੱਤਰ

ਕੌਮੀ ਪੜ੍ਹਿਕਾ
ਮਲਾਗਰ ਖਮਾਣੋਂ

ਮੋਰਿੰਡਾ,1 ਦਸੰਬਰ: ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਦੇ ਫੀਲਡ ਰੈਗੂਲਰ ਅਤੇ ਕੱਚੇ ਕਾਮਿਆਂ ਦੀਆਂ ਜਥੇਬੰਦੀਆਂ ਅਧਾਰਤ ਪੀ ਡਬਲਿਊ ਡੀ ਜਲ ਸਪਲਾਈ ਤਾਲਮੇਲ ਸੰਘਰਸ਼ ਕਮੇਟੀ ਪੰਜਾਬ ਦੇ ਸੱਦੇ ਤੇ ਟੈਕਨੀਕਲ ਐਂਡ ਮਕੈਨੀਕਲ ਇੰਪਲਾਈਜ ਯੂਨੀਅਨ ਬਰਾਂਚ ਰੋਪੜ , ਮੋਹਾਲੀ ਦੇ ਪ੍ਰਧਾਨ ਬਲਜਿੰਦਰ ਸਿੰਘ ਕਜੌਲੀ , ਆਊਟਸੋਰਸਿੰਗ ਜਲ ਸਪਲਾਈ ਵਰਕਰ ਯੂਨੀਅਨ ਦੇ ਪ੍ਰਧਾਨ ਵਿਜੇ ਕੁਮਾਰ ਕਜੌਲੀ ਦੀ ਅਗਵਾਈ ਹੇਠ ਸ੍ਰੀ ਚਮਕੌਰ ਸਾਹਿਬ ਤੇ ਹਲਕਾ ਵਿਧਾਇਕ ਡਾ ਚਰਨਜੀਤ ਸਿੰਘ ਚੰਨੀ ਰਾਹੀਂ ਮੁੱਖ ਮੰਤਰੀ ਦੇ ਨਾਂ ਮੰਗ ਪੱਤਰ ਦਿੱਤਾ ਗਿਆ। ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਸੰਘਰਸ਼ ਕਮੇਟੀ ਦੇ ਸੁਬਾਈ ਕਨਵੀਨਰ ਮਲਾਗਰ ਸਿੰਘ ਖਮਾਣੋਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪਿਛਲੀਆਂ ਸਰਕਾਰਾਂ ਦੀਆਂ ਨੀਤੀਆਂ ਮੁਤਾਬਕ ਪੇਂਡੂ ਜਲ ਸਪਲਾਈ ਸਕੀਮਾਂ ਨੂੰ ਪਿੰਡਾਂ ਦੀਆਂ ਪੰਚਾਇਤਾਂ ਅਧੀਨ ਦਿੱਤਾ ਗਿਆ ਹੈ। ਇਹਨਾਂ ਦੱਸਿਆ ਕਿ ਪਹਿਲਾਂ ਹੀ ਪੰਚਾਇਤਾਂ ਅਧੀਨ ਦਿੱਤੀਆਂ ਸੈਂਕੜੇ ਜਲ ਸਪਲਾਈ ਸਕੀਮਾਂ ਖੰਡਰ ਦਾ ਰੂਪ ਧਾਰ ਰਹੀਆਂ ਹਨ ।ਬਹੁਤੀਆਂ ਸਕੀਮਾਂ ਲੰਮੇ ਸਮੇਂ ਤੋਂ ਬੰਦ ਪਈਆਂ ਹਨ ।ਜਿਸ ਕਾਰਨ ਕਰੋੜਾਂ ਰੁਪਏ ਦੀ ਮਸ਼ੀਨਰੀ ਬਰਬਾਦ ਹੋ ਰਹੀ ਹੈ। ਇਹਨਾਂ ਕਿਹਾ ਕਿ ਅਗਲੇ ਦੋ ਸਾਲਾਂ ਵਿੱਚ ਹਜ਼ਾਰਾਂ ਫੀਲਡ ਮੁਲਾਜ਼ਮ ਸੇਵਾ ਮੁਕਤ ਹੋ ਰਹੇ ਹਨ,

ਜਿਸ ਕਾਰਨ ਸਕੈੜੇ ਸਕੀਮਾਂ ਹੋਰ ਵੀ ਖਾਲੀ ਹੋ ਜਾਣਗੀਆਂ ,ਜਿਸ ਨਾਲ ਪੇਂਡੂ ਲੋਕਾਂ ਨੂੰ ਮਿਲਦੀ ਪਾਣੀ ਦੀ ਬੁਨਿਆਦੀ ਸਹੂਲਤ ਲਈ ਮੁਸ਼ਕਲਾਂ ਖੜੀਆਂ ਹੋ ਜਾਣਗੀਆਂ। ਇਹਨਾਂ ਦੱਸਿਆ ਕਿ ਵਿਭਾਗ ਵਿੱਚ ਲੰਮੇ ਸਮੇਂ ਤੋਂ ਇਨਲਿਸਟਮੈਂਟ, ਆਊਟਸੋਰਸਿੰਗ ਕਾਮਿਆਂ ਨੂੰ ਵਿਭਾਗ ਵਿੱਚ ਸ਼ਾਮਿਲ ਕਰਕੇ ਪੱਕੇ ਕੀਤਾ ਜਾਵੇ ਅਤੇ ਜੋ ਵਿਭਾਗ ਵੱਲੋਂ ਪ੍ਰਪੋਜਲ ਲਿਆਂਦੀ ਗਈ ਹੈ ਉਸ ਨੂੰ ਸੋਧ ਕੇ ਲਾਗੂ ਕੀਤਾ ਜਾਵੇ ,ਵਿਭਾਗ ਵਿੱਚ ਪ੍ਰਮੋਸ਼ਨ ਨੀਤੀ ਬਣਾਈ ਜਾਵੇ, ਕਜੌਲੀ ਵਾਟਰ ਵਰਕਸ ਦੇ ਆਊਟਸੋਰਸਿੰਗ ਕਾਮਿਆਂ ਨੂੰ ਬਰਾਬਰ ਕੰਮ ਬਰਾਬਰ ਤਨਖਾਹ ਲਾਗੂ ਕੀਤਾ ਜਾਵੇ, ਪੋਸਟ ਵਾਈਜ ਕੰਮ ਲਿਆ ਜਾਵੇ ।ਸਮੁੱਚੇ ਮੁਲਾਜ਼ਮਾਂ ਤੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ ਪੇ ਕਮਿਸ਼ਨ ਨੂੰ ਲਾਗੂ ਕਰਦਿਆਂ ਬਕਾਏ ਜਾਰੀ ਕੀਤੇ ਜਾਣ, ਡੀ ਏ ਦੀਆਂ ਕਿਸਤਾਂ ਸਮੇਤ ਪੇਂਡੂ ਭੱਤਾ ਬਹਾਲ ਕੀਤਾ ਜਾਵੇ। ਇਸ ਮੌਕੇ ਮੌਜੂਦਾ ਵਿਧਾਇਕ ਦੀ ਗੈਰ ਹਾਜ਼ਰੀ ਵਿੱਚ ਉਹਨਾਂ ਦੇ ਪੀਏ ਵੱਲੋਂ ਸੰਘਰਸ਼ ਕਮੇਟੀ ਤੋਂ ਮੰਗ ਪੱਤਰ ਹਾਸਿਲ ਕੀਤਾ ਅਤੇ ਉਹਨਾਂ ਨੇ ਭਰੋਸਾ ਦਿੱਤਾ ਕਿ ਹਲਕਾ ਵਿਧਾਇਕ ਰਾਹੀਂ ਮੁੱਖ ਮੰਤਰੀ ਪੰਜਾਬ ਸਰਕਾਰ ਨੂੰ ਮੰਗ ਪੱਤਰ ਭੇਜ ਦਿੱਤਾ ਜਾਵੇਗਾ। ਇਸ ਮੌਕੇ ਸੁਖ ਰਾਮ ਕਾਲੇਵਾਲ, ਜਸਬੀਰ ਸਿੰਘ ਧਿਆਨੂ ਮਾਜਰਾ ,ਬਲਜੀਤ ਸਿੰਘ ਹਿੰਦੂਪੁਰ ,ਹਰਨੇਕ ਸਿੰਘ ਬਿੰਦਰ ਸਿੰਘ ,ਸਤਵੰਤ ਸਿੰਘ ਨਸਲਪੁਰ, ਆਦਿ ਆਗੂ ਹਾਜਰ ਸਨ

ਅੱਧੀ ਰਾਤ ਸੜਕ 'ਤੇ ਨੂੰ ਦਰੱਖ਼ਤ ਡਿੱਗਿਆ, ਕਈ ਵਾਹਨਾਂ ਨੂੰ ਨੁਕਸਾਨ, ਜੰਗਲਾਤ ਵਿਭਾਗ ਕੋਲ ਆਰਾ ਵੀ ਨਹੀਂ

ਹਲਵਾਰਾ 1 ਦਸੰਬਰ। ਲੁਧਿਆਣਾ-ਬਠਿੰਡਾ ਰਾਜ ਮਾਰਗ 'ਤੇ ਨੂਰਪੁਰਾ ਦੇ ਨੇੜੇ ਕਈ ਦਿਨਾਂ ਤੋਂ ਟੁੱਟ ਕੇ ਲਟਕ ਰਿਹਾ ਵੱਡਾ ਦਰੱਖ਼ਤ ਆਖ਼ਰ ਅੱਧੀ ਰਾਤ ਨੂੰ ਸੜਕ ਦੇ ਵਿਚਕਾਰ ਆ ਡਿੱਗਿਆ, ਜਿਸ ਨਾਲ ਕਈ ਵਾਹਨਾਂ ਨੂੰ ਨੁਕਸਾਨ ਪਹੁੰਚਿਆ। ਦੇਰ ਰਾਤ ਸੜਕ ਸੁੰਨੀ ਹੋਣ ਕਾਰਨ ਵੱਡਾ ਹਾਦਸਾ ਟਲ ਗਿਆ, ਨਹੀਂ ਤਾਂ ਜਾਨੀ ਨੁਕਸਾਨ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਸੀ। ਦਰੱਖ਼ਤ ਡਿੱਗਣ ਨਾਲ ਸਕੂਟਰ, ਮੋਟਰਸਾਈਕਲਾਂ ਅਤੇ ਕੁਝ ਕਾਰਾਂ ਦੀ ਟੱਕਰ ਹੋਈ, ਜਿਸ ਨਾਲ ਵਾਹਨ ਚਾਲਕਾਂ ਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਨੇੜਲੇ ਖੇਤਾਂ ਵਿਚ ਰਹਿਣ ਵਾਲੇ ਲੋਕਾਂ ਨੇ ਦੱਸਿਆ ਕਿ ਦਰੱਖ਼ਤ ਕਈ ਦਿਨਾਂ ਤੋਂ ਲਟਕਿਆ ਹੋਇਆ ਸੀ ਅਤੇ ਉਹ ਇਸ ਨੂੰ ਹਟਾਉਣ ਲਈ ਅਧਿਕਾਰੀਆਂ ਨੂੰ ਵਾਰ-ਵਾਰ ਸੂਚਿਤ ਕਰ ਚੁੱਕੇ ਸਨ ਪਰ ਜੰਗਲਾਤ ਵਿਭਾਗ ਨੇ ਕੋਈ ਕਾਰਵਾਈ ਨਹੀਂ ਕੀਤੀ। ਲੋਕਾਂ ਦਾ ਦੋਸ਼ ਹੈ ਕਿ ਜੰਗਲਾਤ ਵਿਭਾਗ ਕੋਲ ਦਰੱਖ਼ਤ ਵੱਢਣ ਲਈ ਮੁੱਢਲੀ ਜ਼ਰੂਰਤ —ਇੱਕ ਆਰਾ ਤੱਕ ਮੌਜੂਦ ਨਹੀਂ ਸੀ। ਨਤੀਜੇ ਵਜੋਂ ਦਰੱਖ਼ਤ ਖ਼ਤਰਾ ਬਣਿਆ ਰਿਹਾ ਅਤੇ ਆਖ਼?ਰਕਾਰ ਰਾਤ ਨੂੰ ਸੜਕ ਬੰਦ ਹੋ ਗਈ। ਜੰਗਲਾਤ ਵਿਭਾਗ ਦੇ ਬੀਟ ਇੰਚਾਰਜ ਅਵਤਾਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੇ ਜਗਰਾਉਂ ਤੋਂ ਆਰਾ ਭੇਜਣ ਲਈ ਕਹਿ ਦਿੱਤਾ ਹੈ ਅਤੇ ਟੀਮ ਦਰੱਖ਼ਤ ਨੂੰ ਪੂਰੀ ਤਰ੍ਹਾਂ ਹਟਾਉਣ ਦੀ ਕਾਰਵਾਈ ਕਰ ਰਹੀ ਹੈ। ਉਨ੍ਹਾਂ ਨੇ ਮੰਨਿਆ ਕਿ ਆਵਾਜਾਈ ਕੁਝ ਘੰਟਿਆਂ ਲਈ ਪ੍ਰਭਾਵਿਤ ਹੋਈ। ਦਰਮਿਆਨ, ਸਵੇਰ ਹੁੰਦਿਆਂ ਇਲਾਕਾ ਨਿਵਾਸੀਆਂ ਅਤੇ ਰਾਹਗੀਰਾਂ ਨੇ ਖ਼ੁਦ ਹੀ ਟਾਹਣੀਆਂ ਪਾਸੇ ਕਰਕੇ ਸੜਕ ਨੂੰ ਅਸਥਾਈ ਤੌਰ 'ਤੇ ਖੋਲ੍ਹਿਆ, ਜਿਸ ਤੋਂ ਬਾਅਦ ਦੁਪਹਿਰ ਤੱਕ ਆਵਾਜਾਈ ਮੁੜ ਚਾਲੂ ਹੋ ਗਈ।

ਕੇਰਲ ਦੇ ਇਡੁੱਕੀ 'ਚ ਵੱਡਾ ਹਾਦਸਾ ਟਲਿਆ !

ਇਡੁੱਕੀ 1 ਦਸੰਬਰ। ਕੇਰਲ ਦੇ ਇਡੁੱਕੀ ਜ਼ਿਲ੍ਹੇ ਦੇ ਅਨਚਲ ਖੇਤਰ ਵਿੱਚ ਸ਼ੁੱਕਰਵਾਰ ਨੂੰ ਉਸ ਵੇਲੇ ਹੜਕੰਪ ਮਚ ਗਿਆ, ਜਦੋਂ ਇੱਕ ਨਿੱਜੀ ਸਕਾਈ ਡਾਇਨਿੰਗ ਸੈੱਟਅੱਪ ਵਿੱਚ ਅਚਾਨਕ ਤਕਨੀਕੀ ਖ਼ਰਾਬੀ ਆ ਗਈ। ਕ੍ਰੇਨ 'ਚ ਖ਼ਰਾਬੀ ਆਉਣ ਕਾਰਨ ਰੈਸਟੋਰੈਂਟ ਦਾ ਪਲੇਟਫਾਰਮ ਹਵਾ ਵਿੱਚ ਹੀ ਰੁਕ ਗਿਆ, ਜਿਸ ਕਾਰਨ ਸੈਲਾਨੀ ਅਤੇ ਸਟਾਫ਼ ਡੇਢ ਘੰਟੇ ਤੋਂ ਵੱਧ ਸਮੇਂ ਤੱਕ ਫਸੇ ਰਹੇ। ਇਹ ਘਟਨਾ ਮੁਨਾਰ ਨੇੜੇ ਵਾਪਰੀ। ਜਦੋਂ ਕ੍ਰੇਨ ਅਚਾਨਕ ਖ਼ਰਾਬ ਹੋ ਗਈ, ਤਾਂ ਪਲੇਟਫਾਰਮ ਜ਼ਮੀਨ ਤੋਂ ਲਗਭਗ 150 ਫੁੱਟ (ਕਰੀਬ 120 ਫੁੱਟ ਤੋਂ ਵੱਧ ਉਚਾਈ) ਦੀ ਉਚਾਈ 'ਤੇ ਹਵਾ ਵਿੱਚ ਅਟਕ ਗਿਆ। ਪਲੇਟਫਾਰਮ 'ਤੇ ਕੁੱਲ ਚਾਰ ਸੈਲਾਨੀ ਫਸੇ ਹੋਏ ਸਨ, ਜਿਨ੍ਹਾਂ ਵਿੱਚ ਦੋ ਬੱਚੇ ਵੀ ਸ਼ਾਮਲ ਸਨ, ਨਾਲ ਹੀ ਰੈਸਟੋਰੈਂਟ ਦਾ ਇੱਕ ਸਟਾਫ਼ ਮੈਂਬਰ ਵੀ ਮੌਜੂਦ ਸੀ। ਇਹ ਗਰੁੱਪ ਦੋ ਘੰਟਿਆਂ ਤੋਂ ਵੱਧ ਸਮੇਂ ਤੱਕ ਫਸਿਆ ਰਿਹਾ, ਜਿਸ ਕਾਰਨ ਉੱਥੇ ਦਹਿਸ਼ਤ ਦਾ ਮਾਹੌਲ ਬਣ ਗਿਆ। ਫਾਇਰ ਅਤੇ ਰੈਸਕਿਊ ਸਟਾਫ਼ ਦੀਆਂ ਯੂਨਿਟਾਂ ਮੁਨਾਰ ਅਤੇ ਆਦਿਮਾਲੀ ਤੋਂ ਘਟਨਾ ਵਾਲੀ ਥਾਂ 'ਤੇ ਪਹੁੰਚੀਆਂ। ਸ਼ਾਮ ਕਰੀਬ 4 ਵਜੇ ਬਚਾਅ ਕਰਮਚਾਰੀ ਮੌਕੇ 'ਤੇ ਪਹੁੰਚੇ। ਬਚਾਅ ਕਾਰਜ ਦੇ ਤਹਿਤ, ਸਭ ਤੋਂ ਪਹਿਲਾਂ ਦੋ ਬੱਚਿਆਂ ਅਤੇ ਉਨ੍ਹਾਂ ਦੀ ਮਾਂ ਨੂੰ ਹੇਠਾਂ ਉਤਾਰਿਆ ਗਿਆ। ਇਸ ਤੋਂ ਬਾਅਦ ਪਿਤਾ ਅਤੇ ਰੈਸਟੋਰੈਂਟ ਦੀ ਇੱਕ ਮਹਿਲਾ ਸਟਾਫ਼ ਮੈਂਬਰ ਨੂੰ ਸੁਰੱਖਿਅਤ ਕੱਢਿਆ ਗਿਆ। ਸ਼ਾਮ ਕਰੀਬ 4:30 ਵਜੇ ਤੱਕ, ਸਾਰੇ ਚਾਰ ਸੈਲਾਨੀ ਅਤੇ ਸਟਾਫ਼ ਮੈਂਬਰ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਗਿਆ। ਸਟਾਫ਼ ਮੈਂਬਰ ਨੇ ਟੀਵੀ ਚੈਨਲਾਂ ਨੂੰ ਦੱਸਿਆ ਕਿ ਉਨ੍ਹਾਂ ਨੂੰ ਅਜਿਹੀਆਂ ਸਥਿਤੀਆਂ ਨਾਲ ਨਜਿੱਠਣ ਦੀ ਸਿਖਲਾਈ ਦਿੱਤੀ ਗਈ ਸੀ, ਇਸ ਲਈ ਕੋਈ ਬਹੁਤੀ ਘਬਰਾਹਟ ਨਹੀਂ ਫੈਲੀ। ਇਹ ਪਰਿਵਾਰ ਕੋਝੀਕੋਡ ਦਾ ਰਹਿਣ ਵਾਲਾ ਸੀ।

NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR - 2211-005020356. The actual name of mine is INDU CHAUHAN which may be amended accordingly

PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

NAME CHANGE
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

NAME CHANGE
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

NAME CHANGE
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

NAME CHANGE
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

NAME CHANGE
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
ARJUN BIDHURI Advocate
CH. NO.536, Saket Courts
New Delhi-110017.

NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale

ਰਾਹੁਲ ਗਾਂਧੀ ਦੇ ਸੰਗਠਨ ਸਿਰਜਨ ਅਭਿਆਨ ਦੀ ਨਿਕਲੀ ਫੂਕ; ਸੂਬੇ ਅੰਦਰ ਬਾਹਰੀ ਆਬਜ਼ਰਵਰ ਲਾਉਣ ਮਗਰੋਂ ਵੀ ਕਾਂਗਰਸ 'ਚ ਨਹੀਂ ਆਇਆ ਉਭਾਰ

ਪਟਿਆਲਾ, 1 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਅੰਦਰ ਕਾਂਗਰਸ ਦੀ ਸੀਨੀਅਰ ਲੀਡਰਸ਼ਿਪ ਵਿਚ ਪਾਟੋਧਾੜ ਨੂੰ ਦੇਖਦੇ ਹੋਏ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪਾਰਟੀ ਦੀ ਮਜ਼ਬੂਤੀ ਲਈ ਰਾਹੁਲ ਗਾਂਧੀ ਨੇ ਸੰਗਠਨ ਸਿਰਜਨ ਅਭਿਆਨ ਤਹਿਤ ਜਿਲ੍ਹਾ ਦਿਹਾਤੀ ਅਤੇ ਸ਼ਹਿਰੀ ਪੱਧਰ 'ਤੇ ਥਾਪੇ ਜਾਣ ਵਾਲੇ ਪ੍ਰਧਨਾਂ ਪ੍ਰਤੀ ਗਰਾਊਂਡ ਪੱਧਰ 'ਤੇ ਸਹੀ ਵਿਅਕਤੀ ਦੀਆਂ ਰਿਪੋਰਟਾਂ ਇਕੱਤਰ ਕਰਨ ਲਈ ਬਾਹਰੀ ਰਾਜਾਂ ਦੇ ਸੀਨੀਅਰ ਕਾਂਗਰਸੀ ਆਗੂਆਂ ਨੂੰ ਬਤੌਰ ਆਬਜ਼ਰਵਰ ਲਗਾਇਆ ਗਿਆ ਤਾਂ ਜੋ ਪਾਰਟੀ ਦੀ ਮਜ਼ਬੂਤੀ ਲਈ ਯੋਗ ਆਗੂ ਨੂੰ ਕਮਾਂਡ ਸੌਂਪੀ ਜਾ ਸਕੇ, ਪਰ ਸ਼ਹਿਰੀ ਅਤੇ ਦਿਹਾਤੀ ਪ੍ਰਧਾਨਾਂ ਦੀ ਜਿਉਂ ਹੀ ਸੂਚੀ ਜਾਰੀ ਹੋਈ ਤਾਂ ਉਸ ਵਿਚ ਇੰਜ ਲੱਗ ਰਿਹਾ ਸੀ ਕਿ ਜਿਵੇਂ ਆਬਜ਼ਰਵਰਾਂ ਦੀਆਂ ਬਣਾਈਆਂ ਸੂਚੀਆਂ ਰੱਦੀ ਦੀ ਟੋਕਰੀ ਵਿਚ ਸੁੱਟ ਦਿੱਤੀਆਂ ਗਈਆਂ। ਜਿਸ ਕਾਰਨ ਰਾਹੁਲ ਗਾਂਧੀ ਦੇ ਸੰਗਠਨ ਸਿਰਜਨ ਅਭਿਆਨ ਦੀ ਫੂਕ ਨਿਕਲਣ ਦੀ ਚਰਚਾ ਕਾਂਗਰਸ ਵਿਚ ਵੱਡੇ ਪੱਧਰ 'ਤੇ ਚੱਲ ਰਹੀ ਹੈ।ਕਈ ਥਾਵਾਂ 'ਤੇ ਸਹੀ ਚੋਣ ਨਾ ਹੋਣ ਕਾਰਨ ਆਪਣੀ ਹੀ ਪਾਰਟੀ ਵਿਰੁੱਧ ਬਗਾਵਤ ਦੀਆਂ ਤਿਆਰੀਆਂ ਸ਼ੁਰੂ ਹੋ ਚੁੱਕੀਆਂ ਹਨ। ਕਿਉਂਕਿ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਹਨ, ਪਾਰਟੀ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਜਿਨ੍ਹਾਂ ਦੇ ਸੁਰ ਨਾ ਮਿਲਣ ਕਾਰਨ ਸੂਬੇ ਅੰਦਰ ਹੋਈਆਂ ਜਿਮਨੀ ਚੋਣਾਂ ਵਿਚ ਹਾਰ ਦਾ ਮੂੰਹ ਦੇਖਣਾ ਪਿਆ ਹੈ।

ਉਥੇ ਹੀ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਲੋਕ ਗਾਇਕ ਨਿਰਵੈਰ ਪੰਨੂੰ ਦੇ ਗੀਤ ਰਾਹੀਂ ਚਰਚਾ ਤੋਂ ਬਾਅਦ ਰਾਜਾ ਵੜਿੰਗ ਦਾ ਚੰਨੀ ਨਾਲ ਜੱਫੀਆਂ ਪਾਉਣਾ ਵੀ ਚਰਚਾ ਵਿਚ ਹੈ।ਕਿਉਂਕਿ ਸੁਖਜਿੰਦਰ ਸਿੰਘ ਰੰਧਾਵਾ ਤੇ ਪਰਗਟ ਸਿੰਘ ਦੇ ਵੱਖਰੇ ਸੁਰ ਹਨ। ਜਦੋਂਕਿ ਕਾਂਗਰਸ ਵਿਚ ਖਲਾਰਾ ਪਾਉਣ ਵਾਲੇ ਨਵਜੋਤ ਸਿੰਘ ਸਿੱਧੂ ਹਾਲੇ ਆਪਣੀਆਂ ਗੋਟੀਆਂ ਫਿੱਟ ਕਰ ਹੀ ਰਹੇ ਹਨ, ਜਿਸਦੇ ਤਿੱਖੇ ਤੇਵਰਾਂ ਤੋਂ ਬਾਕੀ ਕਾਂਗਰਸੀ ਆਗੂਆਂ ਵਿਚ ਹਫੜਾ-ਤਫੜੀ ਵਾਲਾ ਮਾਹੌਲ ਬਣਿਆ ਹੋਇਆ ਹੈ। ਕਿਉਂਕਿ ਸਿੱਧੂ ਦੀ ਪ੍ਰਿਅੰਕਾ ਗਾਂਧੀ ਨਾਲ ਮੁਲਾਕਾਤ ਵੀ ਵੱਡੀਆਂ ਕਿਆਸ ਅਰਾਈਆਂ ਦਾ ਮੂੰਹ ਖੋਲ੍ਹਦੀ ਦਿਖਾਈ ਦਿੰਦੀ ਹੈ। ਉਥੇ ਹੀ ਡਾਕਟਰ ਨਵਜੋਤ ਕੌਰ ਸਿੱਧੂ ਨੇ ਅੰਮ੍ਰਿਤਸਰ ਸਾਹਿਬ ਤੋਂ ਤਿਆਰੀ ਆਰੰਭ ਕਰ ਦਿੱਤੀ ਹੈ। ਜਿਕਰਯੋਗ ਹੈ ਸੂਬੇ ਅੰਦਰ ਕਾਂਗਰਸ ਪਾਰਟੀ ਦੀ ਸਰਕਾਰ ਬਣਨ ਦੀ ਚਰਚਾ ਚੱਲਦੀ ਰਹਿੰਦੀ ਹੈ ਪਰ ਗਰੁੱਪਇਜ਼ਮ ਭਾਰੂ ਹੋਣ ਕਰਕੇ ਟਕਸਾਲੀ ਕਾਂਗਰਸੀਆਂ ਦੀ ਕੋਈ ਪੁੱਛ ਪ੍ਰਤੀਤ ਨਹੀਂ। ਬਹੁਤੇ ਸਿਰਕੱਢ ਕਾਂਗਰਸੀ ਪਾਰਟੀ ਨਾਲੋਂ ਨਾਤਾ ਤੋੜ ਕੇ ਭਾਜਪਾ ਵਿਚ ਸ਼ਾਮਲ ਹੋ ਰਹੇ ਹਨ, ਜਿਸ ਨੂੰ ਦੇਖਦੇ ਹੋਏ ਰਾਹੁਲ ਗਾਂਧੀ ਨੂੰ ਖੁਦ ਪੰਜਾਬ ਦੀ ਕਮਾਂਡ ਸੰਭਾਲ ਕੇ ਪਾਰਟੀ ਨੂੰ ਇੱਕਮੁੱਠ ਕਰਨ ਲਈ ਯੋਗ ਆਗੂਆਂ ਨੂੰ ਜਿਮੇਵਾਰੀ ਸੌਂਪਣੀ ਚਾਹੀਦੀ ਹੈ ਤਾਂ ਜੋ ਮੌਜੂਦਾ ਸਰਕਾਰ ਵਿਰੁੱਧ ਲੋਕਾਂ ਦੀ ਨਾਰਾਜ਼ਗੀ ਸਿਖਰਾਂ 'ਤੇ ਹੋਣ ਦੇ ਬਾਵਜੂਦ ਵੀ ਬਿਹਾਰ ਚੋਣਾਂ ਵਾਂਗ ਮੁੜ ਤੋਂ ਵਿਰੋਧੀ ਧਿਰ ਵਿਚ ਬੈਠਣ ਲਈ ਮਜ਼ਬੂਰ ਨਾ ਹੋਣਾ ਪਵੇ।

ਸੂਬੇ ਅੰਦਰ ਦਸੰਬਰ ਦੇ ਪਹਿਲੇ ਹਫਤੇ ਹੀ ਜਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਹੋਣ ਦੀ ਸੰਭਾਵਨਾ ਤੋਂ ਬਾਅਦ ਵੀ ਕਾਂਗਰਸ ਪਾਰਟੀ ਆਪਣੇ ਸੰਗਠਨ ਦੀ ਕਾਰਗੁਜ਼ਾਰੀ ਵਿਚ ਸੁਧਾਰ ਨਹੀਂ ਲਿਆ ਪਾ ਰਹੀ। ਸਾਰੇ ਦੇ ਸਾਰੇ ਆਗੂ ਆਪਣੇ ਨਿੱਜੀ ਉਭਾਰ ਲਈ ਸਿਰਤੋੜ ਯਤਨ ਕਰ ਰਹੇ ਹਨ ਪਰ ਪਾਰਟੀ ਪੱਧਰ ਦੀ ਮਜ਼ਬੂਤੀ ਲਈ ਸਭ ਇੱਕ ਦੂਜੇ ਵੱਲ ਝਾਕਦੇ ਦਿਖਾਈ ਦੇ ਰਹੇ ਹਨ।

ਸਰਬਜੀਤ ਸਿੰਘ ਝਿੰਜਰ ਨੇ ਘਨੌਰ ਦੇ ਹਲਕਾ ਇੰਚਾਰਜ ਦੀ ਸੇਵਾ ਮਿਲਣ ਦੀ ਖ਼ੁਸ਼ੀ ਪਾਰਟੀ ਵਰਕਰਾਂ ਤੇ ਆਗੂਆਂ ਨਾਲ ਕੀਤੀ ਸਾਂਝੀ, ਵੰਡੇ ਲੱਡੂ

ਘਨੌਰ 1 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਵੱਲੋਂ ਬੀਤੇ ਦਿਨੀਂ ਵੱਖ-ਵੱਖ ਹਲਕਿਆਂ ਲਈ ਨਵੇਂ ਇੰਚਾਰਜਾਂ ਦੀ ਨਿਯੁਕਤੀ ਕੀਤੀ ਗਈ ਸੀ। ਇਸ ਸਿਲਸਿਲੇ ਵਿੱਚ ਯੂਥ ਅਕਾਲੀ ਦਲ ਦੇ ਪ੍ਰਧਾਨ ਸ. ਸਰਬਜੀਤ ਸਿੰਘ ਝਿੰਜਰ ਨੂੰ ਹਲਕਾ ਘਨੌਰ ਦਾ ਇੰਚਾਰਜ ਨਿਯੁਕਤ ਕੀਤਾ ਗਿਆ ਸੀ। ਅੱਜ ਸ. ਸਰਬਜੀਤ ਸਿੰਘ ਝਿੰਜਰ ਨੇ ਘਨੌਰ ਹਲਕੇ ਦੀ ਇੰਚਾਰਜੀ ਦੀ ਜ਼ਿੰਮੇਵਾਰੀ ਮਿਲਣ 'ਤੇ ਆਪਣੀ ਖ਼ੁਸ਼ੀ ਪਾਰਟੀ ਵਰਕਰਾਂ ਅਤੇ ਆਗੂਆਂ ਨਾਲ ਸਾਂਝੀ ਕੀਤੀ। ਇਸ ਮੌਕੇ ਪਾਰਟੀ ਵੱਲੋਂ ਲੱਡੂ ਵੰਡ ਕੇ ਖੁਸ਼ੀ ਦਾ ਪ੍ਰਗਟਾਵਾ ਵੀ ਕੀਤਾ ਗਿਆ। ਵਰਕਰਾਂ ਨੇ ਝਿੰਜਰ ਨੂੰ ਮੁਬਾਰਕਬਾਦ ਦਿੱਤੀ ਅਤੇ ਉਨ੍ਹਾਂ ਦੇ ਨੇਤ੍ਰਿਤਵ 'ਤੇ ਪੂਰਾ ਭਰੋਸਾ ਜਤਾਇਆ। ਸ. ਝਿੰਜਰ ਨੇ ਕਿਹਾ ਕਿ ਨੌਜਵਾਨਾਂ ਨੂੰ ਪਾਰਟੀ ਨਾਲ ਜੁੜਨ ਲਈ ਪ੍ਰੇਰਤ ਕੀਤਾ ਜਾਵੇਗਾ ਅਤੇ ਲੋਕਾਂ ਦੇ ਦਰਵਾਜ਼ੇ 'ਤੇ ਜਾ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਲੱਭਣ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਝਿੰਜਰ ਨੇ ਵਿਸ਼ਵਾਸ ਪ੍ਰਗਟਾਇਆ ਕਿ ਪਾਰਟੀ ਵਰਕਰਾਂ ਦੇ ਸਹਿਯੋਗ ਨਾਲ ਘਨੌਰ ਹਲਕੇ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ।

ਸਥਾਨਕ ਵਰਕਰਾਂ ਅਤੇ ਆਗੂਆਂ ਨੇ ਵੀ ਸ. ਸਰਬਜੀਤ ਸਿੰਘ ਝਿੰਜਰ ਨੂੰ ਹਲਕਾ ਇੰਚਾਰਜ ਬਣਾਏ ਜਾਣ 'ਤੇ ਆਪਣਾ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੰਦਿਆਂ ਕਿਹਾ ਕਿ ਉਹ ਟੀਮਵਰਕ ਨਾਲ ਘਨੌਰ ਹਲਕੇ ਵਿੱਚ ਪਾਰਟੀ ਦੀਆਂ ਨੀਤੀਆਂ ਅਤੇ ਕਾਰਜਕ੍ਰਮਾਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਇਕਜੁੱਟ ਹੋ ਕੇ ਕੰਮ ਕਰਨਗੇ।

ਝਿੰਜਰ ਨੇ ਕਿਹਾ ਕਿ ਸ. ਸੁਖਬੀਰ ਸਿੰਘ ਬਾਦਲ ਜੀ ਹਮੇਸ਼ਾਂ ਪਾਰਟੀ ਦੇ ਸੰਗਠਨ ਨੂੰ ਮਜ਼ਬੂਤ ਬਣਾਉਣ, ਨੌਜਵਾਨਾਂ ਨੂੰ ਅੱਗੇ ਲਿਆਉਣ ਅਤੇ ਵੱਖ-ਵੱਖ ਹਲਕਿਆਂ ਵਿੱਚ ਜ਼ਮੀਨੀ ਪੱਧਰ 'ਤੇ ਕੰਮ ਕਰਨ 'ਤੇ ਜ਼ੋਰ ਦਿੰਦੇ ਰਹੇ ਹਨ। ਪਾਰਟੀ ਦੇ ਕੰਮਕਾਜ ਵਿੱਚ ਤਕਨੀਕੀ ਤੇ ਆਧੁਨਿਕ ਰਣਨੀਤੀਆਂ ਦੀ ਸ਼ੁਰੂਆਤ ਕਰਨ ਲਈ ਵੀ ਉਨ੍ਹਾਂ ਦੀ ਕੋਸ਼ਿਸ਼ਾਂ ਨੂੰ ਵਰਕਰਾਂ ਵੱਲੋਂ ਪ੍ਰਸ਼ੰਸਾ ਮਿਲਦੀ ਰਹੀ ਹੈ। ਉਨ੍ਹਾਂ ਦੀ ਲੀਡਰਸ਼ਿਪ ਹੇਠ ਸੰਗਠਨ ਅੰਦਰ ਅਨੁਸ਼ਾਸਨ, ਸਮਰਪਣ ਅਤੇ ਟੀਮਵਰਕ ਨੂੰ ਵਧਾਵਾ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਜੋ ਪਾਰਟੀ ਦੇ ਨਵੇਂ ਇੰਚਾਰਜਾਂ ਦੀ ਨਿਯੁਕਤੀ ਵਿੱਚ ਵੀ ਸਾਫ਼ ਦਿਖਾਈ ਦਿੰਦਾ ਹੈ।

ਸ. ਸਰਬਜੀਤ ਸਿੰਘ ਝਿੰਜਰ ਨੇ ਇਸ ਮੌਕੇ 'ਤੇ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਉਹ ਹਲਕੇ ਦੀ ਹਰ ਅਵਾਜ਼ ਨੂੰ ਸੁਣਨ ਅਤੇ ਲੋਕਾਂ ਨਾਲ ਸਿੱਧੇ ਤੌਰ 'ਤੇ ਜੁੜਨ ਨੂੰ ਪਹਿਲ ਦੇਣਗੇ। ਉਨ੍ਹਾਂ ਨੇ ਕਿਹਾ ਕਿ ਹਲਕੇ ਦੀ ਤਰੱਕੀ ਲਈ ਸਾਂਝੇ ਯਤਨਾਂ ਦੀ ਲੋੜ ਹੈ ਅਤੇ ਉਹ ਹਰ ਵਰਕਰ ਨਾਲ ਮਿਲ ਕੇ ਮੈਦਾਨੀ ਪੱਧਰ 'ਤੇ ਕੰਮ ਕਰਨਗੇ। ਝਿੰਜਰ ਨੇ ਇਹ ਵੀ ਕਿਹਾ ਕਿ ਜ਼ਿੰਮੇਵਾਰੀ ਮਿਲਣ ਨਾਲ ਉਨ੍ਹਾਂ 'ਤੇ ਭਰੋਸਾ ਕਰਨ ਵਾਲੇ ਹਰ ਵਰਕਰ ਦਾ ਦਿਲੋਂ ਧੰਨਵਾਦੀ ਹਾਂ ਅਤੇ ਉਹ ਹਮੇਸ਼ਾਂ ਸਭ ਲਈ ਉਪਲਬਧ ਰਹਿਣ ਦੀ ਕੋਸ਼ਿਸ਼ ਕਰਨਗੇ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਦੀ ਕੋਸ਼ਿਸ਼ ਰਹੇਗੀ ਕਿ ਹਲਕੇ ਵਿੱਚ ਜੋ ਵੀ ਕੰਮ ਕਰਨ ਦੀ ਲੋੜ ਹੈ, ਉਹ ਸਮੇਂ 'ਤੇ ਤੇ ਪਾਰਦਰਸ਼ੀ ਢੰਗ ਨਾਲ ਕੀਤੇ ਜਾਣ।

ਸ. ਸਰਬਜੀਤ ਸਿੰਘ ਝਿੰਜਰ ਨੇ ਆਪਣੇ ਸੰਬੋਧਨ ਦੌਰਾਨ ਪਾਰਟੀ ਹਾਈਕਮਾਂਡ, ਖ਼ਾਸ ਕਰ ਕੇ ਸ. ਸੁਖਬੀਰ ਸਿੰਘ ਬਾਦਲ ਦਾ ਗਹਿਰਾ ਧੰਨਵਾਦ ਕੀਤਾ ਕਿ ਉਨ੍ਹਾਂ ਨੇ ਭਰੋਸਾ ਕਰਦਿਆਂ ਇਹ ਮਹੱਤਵਪੂਰਨ ਜ਼ਿੰਮੇਵਾਰੀ ਸੌਂਪੀ। ਇਸ ਤੋਂ ਇਲਾਵਾ ਉਨ੍ਹਾਂ ਨੇ ਘਨੌਰ ਹਲਕੇ ਦੇ ਸਮੂਹ ਵਰਕਰਾਂ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ, ਜਿਨ੍ਹਾਂ ਨੇ ਹਮੇਸ਼ਾਂ ਉਨ੍ਹਾਂ ਨੂੰ ਪਿਆਰ, ਸਹਿਯੋਗ ਅਤੇ ਹੌਸਲਾ ਦਿੱਤਾ। ਝਿੰਜਰ ਨੇ ਕਿਹਾ ਕਿ ਇਹ ਭਰੋਸਾ ਉਨ੍ਹਾਂ ਲਈ ਸਨਮਾਨ ਵੀ ਹੈ ਅਤੇ ਜ਼ਿੰਮੇਵਾਰੀ ਵੀ ਅਤੇ ਉਹ ਪੂਰੇ ਮਨ ਨਾਲ ਇਸ ਭਰੋਸੇ 'ਤੇ ਖਰਾ ਉਤਰਣ ਲਈ ਕੰਮ ਕਰਦੇ ਰਹਿਣਗੇ।

ਇਸ ਮੌਕੇ ਐਸਜੀਪੀਸੀ ਮੈਂਬਰ ਜਥੇਦਾਰ ਜਸਮੇਰ ਸਿੰਘ ਲਾਛੜੂ ਜੀ ਵੀ ਹਾਜ਼ਰ ਸਨ।

ਲੁਧਿਆਣਾ ਪੁਲਿਸ ਵੱਲੋ ਕਈ ਚੋਰੀਆਂ ਦਾ ਖੁਲਾਸਾ, ਮੋਟਰਸਾਇਕਲ ਤੇ ਇਲੈਕਟ੍ਰਾਨਿਕ ਸਮਾਨ ਬਰਾਮਦ 2 ਦੋਸ਼ੀ ਗ੍ਰਿਫ਼ਤਾਰ

ਲੁਧਿਆਣਾ, 1 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਕਮਿਸ਼ਨਰ ਪੁਲਿਸ ਲੁਧਿਆਣਾ ਸਵਪਨ ਸ਼ਰਮਾ ਆਈ.ਪੀ.ਐਸ.ਅਤੇ ਰੁਪਿੰਦਰ ਸਿੰਘ ਆਈ.ਪੀ.ਐਸ/ਡਿਪਟੀ ਕਮਿਸ਼ਨਰ ਪੁਲਿਸ, ਸਿਟੀ/ਦਿਹਾਤੀ, ਲੁਧਿਆਣਾ ਦੇ ਦਿਸ਼ਾ ਨਿਰਦੇਸ਼ ਹੇਠ ਕਮਿਸ਼ਨਰੇਟ ਪੁਲਿਸ ਲੁਧਿਆਣਾ ਨੇ ਕਈ ਚੋਰੀਆਂ ਦਾ ਖੁਲਾਸਾ ਕੀਤਾ, 02 ਦੋਸ਼ੀ ਗ੍ਰਿਫ਼ਤਾਰ ਕਰਕੇ ਮੋਟਰਸਾਇਕਲ ਤੇ ਇਲੈਕਟ੍ਰਾਨਿਕ ਸਮਾਨ ਬਰਾਮਦ ਕੀਤਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਹੋਇਆਂ ਵੈਭਵ ਸਹਿਗਲ ਪੀ.ਪੀ.ਐਸ./ ਵਧੀਕ ਡਿਪਟੀ ਕਮਿਸ਼ਨਰ ਪੁਲਿਸ ਜੋਨ-4 ਅਤੇ ਸੁਮੀਤ ਸੂਦ ਪੀ.ਪੀ.ਐਸ. /ਸਹਾਇਕ ਕਮਿਸ਼ਨਰ ਪੁਲਿਸ ਪੂਰਬੀ ਲੁਧਿਆਣਾ ਨੇ ਦੱਸਿਆ ਕਿ ਇਸਪੈਕਟਰ ਗਗਨਦੀਪ ਸਿੰਘ ਮੁੱਖ ਅਫਸਰ ਥਾਣਾ ਡਵੀਜਨ ਨੰਬਰ 7 ਦੀ ਅਗਵਾਈ ਵਿੱਚ ਏ.ਐਸ.ਆਈ ਦਿਨੇਸ਼ ਕੁਮਾਰ ਚੌਕੀ ਇੰਚਾਰਜ ਤਾਜਪੁਰ ਪੁਲਿਸ ਪਾਰਟੀ ਨੇ ਮਿਤੀ 23/11/2025 ਨੂੰ ਚੌਕੀ ਤਾਜਪੁਰ ਦੇ ਸਾਹਮਣੇ ਨਾਕਾਬੰਦੀ ਕੀਤੀ ਸੀ।ਦੌਰਾਨੇ ਨਾਕਾਬੰਦੀ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਸਾਜਨ ਖੁਰਾਣਾ ਪੁੱਤਰ ਸੰਜੀਵ ਖੁਰਾਣਾ ਵਾਸੀ ਜਲੰਧਰ ਜੋ ਚੋਰੀਆ ਕਰਨ ਦਾ ਆਦੀ ਹੈ ਉਹ ਚੋਰੀ ਕੀਤੇ ਸਮਾਨ ਨੂੰ ਵੇਚਣ ਲਈ ਪਿੰਡ ਤਾਜਪੁਰ ਸਾਈਡ ਤੋਂ ਧਰਮਕੰਡੇ ਵੱਲ ਆ ਰਿਹਾ ਹੈ। ਜਿਸਤੇ ਏ.ਐੱਸ.ਆਈ ਗੁਰਦਿਆਲ ਸਿੰਘ ਚੌਕੀ ਤਾਜਪੁਰ ਨੇ ਸਾਜਨ ਖੁਰਾਨਾ ਪੁੱਤਰ ਸੰਜੀਵ ਖੁਰਾਨਾ ਵਾਸੀ ਜਲੰਧਰ ਨੂੰ ਨਾਕੇ ਪਰ ਮੋਟਰਸਾਇਕਲ ਨੰਬਰ ♦2107$-0493 'ਤੇ ਆਉਂਦੇ ਰੋਕਿਆ, ਜੋ ਇਸ ਮੋਟਰਸਾਈਕਲ ਦੀ ਮਾਲਕੀ ਬਾਰੇ ਕੋਈ ਤਸੱਲੀਬਖ਼ਸ਼ ਜਵਾਬ ਨਹੀਂ ਦੇ ਸਕਿਆ। ਜਿਸਦੀ ਤਲਾਸ਼ੀ ਦੌਰਾਨ ਉਸਦੀ ਲੋਅਰ ਦੀਆਂ ਜੇਬਾਂ ਤੋਂ 5 ਟੱਚ ਸਕਰੀਨ ਮੋਬਾਇਲ ਫੋਨ ਬਰਾਮਦ ਹੋਏ। ਜਿਸ ਤੇ ਸਾਜਨ ਖੁਰਾਣਾ ਦੇ ਖਿਲਾਫ ਮੁਕੱਦਮਾ ਨੰਬਰ 302 ਮਿਤੀ 23-11-25 ਅ/ਧ 303(2), 317(2) ਬੀ.ਐਨ.ਐਸ. ਤਹਿਤ ਥਾਣਾ ਡਵੀਜ਼ਨ ਨੰਬਰ-7 ਲੁਧਿਆਣਾ ਵਿੱਚ ਦਰਜ ਰਜਿਸਟਰ ਕਰਕੇ ਸਾਜਨ ਖੁਰਾਨਾ ਨੂੰ ਗ੍ਰਿਫ਼ਤਾਰ ਕੀਤਾ ਗਿਆ। ਦੌਰਾਨੇ ਤਫਤੀਸ਼ ਸਾਜਨ ਖੁਰਾਣਾ ਨੇ ਆਪਣੇ ਸਾਥੀ ਵਰਿੰਦਰ ਸਿੰਘ ਗਰਚਾ ਉਰਫ਼ ਗੋਰਾ ਪੁੱਤਰ ਬਲਵਿੰਦਰ ਸਿੰਘ ਵਾਸੀ ਲੁਧਿਆਣਾ ਬਾਰੇ ਦੱਸਿਆ, ਜਿਸਨੂੰ ਵੀ ਇਸ ਮੁਕੱਦਮੇ ਵਿੱਚ ਨਾਮਜਦ ਕਰਕੇ ਦੋਵੇਂ ਦੋਸ਼ੀਆਂ ਤੋਂ ਵੱਖ-ਵੱਖ ਪੁੱਛਗਿੱਛ ਕੀਤੀ ਗਈ ਜਿਸ ਦੌਰਾਨ ਕਈ ਚੋਰੀਆਂ ਦਾ ਖੁਲਾਸਾ ਹੋਇਆ।

ਦੋਨੋਂ ਦੋਸ਼ੀਆਂ ਤੋਂ ਉਕਤ ਨੰਬਰੀ ਮੋਟਰਸਾਈਕਲ ਤੋਂ ਇਲਾਵਾ 02 ਮੋਟਰਸਾਈਕਲ ਮਾਰਕਾ ਹੀਰੋ ਹਾਂਡਾ ਸਪਲੈਂਡਰ, 02 ਐਲ.ਪੀ.ਜੀ ਸਿਲੰਡਰ, 01 ਫਰਾਟਾ ਪੱਖਾ, 01 ਰੈਡਮੀ ਐਲ.ਸੀ.ਡੀ ਅਤੇ 06 ਮੋਬਾਇਲ ਟੱਚ ਸਕਰੀਨ ਬਰਾਮਦ ਕੀਤੇ ਗਏ। ਦੋਸ਼ੀ ਵਰਿੰਦਰ ਸਿੰਘ ਗਰਚਾ ਦੇ ਖਿਲਾਫ ਪਹਿਲਾਂ ਵੀ ਥਾਣਾ ਸਾਹਨੇਵਾਲ ਵਿੱਚ ਐੱਨ.ਡੀ.ਪੀ.ਐਸ ਐੱਕਟ ਤਹਿਤ ਮੁਕੱਦਮਾ ਦਰਜ ਹੈ। ਮੁਕੱਦਮੇ ਦੀ ਅਗਲੇਰੀ ਤਫ਼ਤੀਸ਼ ਜਾਰੀ ਹੈ।

ਮੁੱਖ ਮੰਤਰੀ ਤੀਰਥ ਯਾਤਰਾ: ਤਿੰਨੋਂ ਵਿਧਾਨ ਸਭਾ ਹਲਕਿਆਂ ਤੋਂ ਧਾਰਮਿਕ ਸਥਾਨਾਂ ਲਈ ਬੱਸਾਂ ਰਵਾਨਾ

ਮਾਨਸਾ, 1 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਪਵਿੱਤਰ ਸ਼ਹਿਰ ਅੰਮ੍ਰਿਤਸਰ ਵਿਖੇ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਅੱਜ ਇਸ ਜ਼ਿਲ੍ਹੇ ਦੇ ਤਿੰਨੋਂ ਹਲਕਿਆਂ ਤੋਂ ਬੱਸਾਂ ਰਵਾਨਾ ਹੋਈਆਂ।

ਸ਼ਰਧਾਲੂਆਂ ਨੂੰ ਲੈ ਕੇ ਜਾਣ ਵਾਲੀ ਬੱਸ ਦੇ ਪਹਿਲੇ ਜਥੇ ਨੂੰ ਵਿਧਾਇਕ ਸਰਦੂਲਗੜ੍ਹ ਸ. ਗੁਰਪ੍ਰੀਤ ਸਿੰਘ ਬਣਾਂਵਾਲੀ ਨੇ ਪਿੰਡ ਖੋਖਰ ਕਲਾਂ ਤੋਂ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸ ਮੌਕੇ ਉਨ੍ਹਾਂ ਨਾਲ ਐਸ.ਡੀ.ਐਮ. ਸਰਦੂਲਗੜ੍ਹ ਅਜੀਤ ਪਾਲ ਸਿੰਘ ਚਹਿਲ ਤੋਂ ਇਲਾਵਾ ਸਰਪੰਚ, ਪੰਚ ਤੇ ਪਿੰਡ ਵਾਸੀ ਮੌਜੂਦ ਸਨ। ਇਸੇ ਤਰ੍ਹਾਂ ਹਲਕਾ ਮਾਨਸਾ ਵਿਖੇ ਵਿਧਾਇਕ ਮਾਨਸਾ ਡਾ. ਵਿਜੈ ਸਿੰਗਲਾ ਦੀ ਧਰਮ ਪਤਨੀ ਸ੍ਰੀਮਤੀ ਅਨੀਤਾ ਸਿੰਗਲਾ ਵੱਲੋਂ ਪਿੰਡ ਅਕਲੀਆ ਤੋਂ ਸ੍ਰੀ ਹਰਿਮੰਦਰ ਸਾਹਿਬ, ਅਕਾਲ ਤਖ਼ਤ ਸਾਹਿਬ ਅਤੇ ਹੋਰ ਪਵਿੱਤਰ ਸਥਾਨਾਂ ਦੇ ਦਰਸ਼ਨਾਂ ਲਈ ਬੱਸ ਨੂੰ ਰਵਾਨਾ ਕੀਤਾ ਗਿਆ। ਇਸ ਮੌਕੇ ਐਸ.ਡੀ.ਐਮ. ਮਾਨਸਾ ਸ੍ਰੀ ਕਾਲਾ ਰਾਮ ਕਾਂਸਲ ਅਤੇ ਪਿੰਡ ਅਕਲੀਆ ਦੀ ਸਮੂਹ ਨਗਰ ਪੰਚਾ

ਪੰਜਾਬ ਦੇ ਮੁੱਖ ਮੰਤਰੀ ਨੇ ਹਰਿਆਣਾ ਦੇ ਬਾਸਕਟਬਾਲ ਖਿਡਾਰੀ ਹਾਰਦਿਕ ਰਾਠੀ ਦੇ ਪਰਿਵਾਰ ਨਾਲ ਦੁੱਖ ਵੰਡਾਇਆ

ਲਖਨ ਮਾਜਰਾ (ਰੋਹਤਕ), 1 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਇੱਥੇ 16 ਸਾਲਾ ਕੌਮੀ ਬਾਸਕਟਬਾਲ ਖਿਡਾਰੀ ਹਾਰਦਿਕ ਰਾਠੀ ਦੇ ਪਰਿਵਾਰ ਨਾਲ ਦੁੱਖ ਵੰਡਾਇਆ ਜਿਸ ਦੀ ਬੀਤੇ ਦਿਨ ਪਿੰਡ ਦੇ ਖੇਡ ਮੈਦਾਨ ਵਿੱਚ ਅਭਿਆਸ ਦੌਰਾਨ ਅਚਾਨਕ ਬਾਸਕਟ ਬਾਲ ਦਾ ਪੋਲ ਡਿੱਗਣ ਕਾਰਨ ਮੌਤ ਹੋ ਗਈ ਸੀ।

ਇਸ ਘਟਨਾ ਨੂੰ ਪੂਰੇ ਦੇਸ਼ ਲਈ ਸ਼ਰਮਨਾਕ ਦੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਘਟਨਾ ਨਾਲ ਪੂਰਾ ਖੇਡ ਜਗਤ ਸਦਮੇ ਵਿੱਚ ਹੈ। ਉਨ੍ਹਾਂ ਕਿਹਾ ਕਿ ਰਾਠੀ ਦੇ ਮਾਪਿਆਂ ਨੇ ਕਦੇ ਸੁਪਨੇ ਵਿੱਚ ਵੀ ਨਹੀਂ ਸੋਚਿਆ ਸੀ ਕਿ ਦੇਸ਼ ਦਾ ਨਾਮ ਰੌਸ਼ਨ ਕਰਨ ਲਈ ਅਭਿਆਸ ਕਰਨ ਗਏ ਪੁੱਤ ਦੀ ਲਾਸ਼ ਘਰ ਆਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਨੂੰ ਖੇਡਾਂ ਨਾਲ ਪਿਆਰ ਹੈ ਜਿਸ ਕਰਕੇ ਉਹ ਮ੍ਰਿਤਕ ਖਿਡਾਰੀ ਦੇ ਪਰਿਵਾਰ ਨਾਲ ਦੁੱਖ ਦੀ ਇਸ ਘੜੀ ਵਿੱਚ ਅਫਸੋਸ ਕਰਨ ਆਏ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਬੜੀ ਮੰਦਭਾਗੀ ਗੱਲ ਹੈ ਕਿ ਪਿੰਡ ਵਾਸੀਆਂ ਨੇ ਬਾਸਕਟਬਾਲ ਮੈਦਾਨ ਦੀ ਖਸਤਾ ਹਾਲਤ ਬਾਰੇ ਕਈ ਵਾਰ ਸ਼ਿਕਾਇਤਾਂ ਵੀ ਦਿੱਤੀਆਂ ਸਨ ਪਰ ਕਿਸੇ ਨੇ ਧਿਆਨ ਨਹੀਂ ਦਿੱਤਾ ਜਿਸ ਕਰਕੇ ਹਰਿਆਣਾ ਸਰਕਾਰ ਨੂੰ ਇਸ ਲਾਪਰਵਾਹੀ ਲਈ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਮੁੱਖ ਮੰਤਰੀ ਨੇ ਪੀੜਤ ਪਰਿਵਾਰ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਅਤੇ ਢੁਕਵਾਂ ਮੁਆਵਜ਼ਾ ਦੇਣ ਦੀ ਮੰਗ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਹਾਦਸੇ ਨੇ ਹਰਿਆਣਾ ਵਿੱਚ ਖਸਤਾ ਹਾਲ ਖੇਡ ਢਾਂਚੇ ਦੀ ਪੋਲ ਖੋਲ੍ਹ ਦਿੱਤੀ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਸਰਕਾਰ ਭਾਵੇਂ ਖੇਡਾਂ ਦੇ ਮਜ਼ਬੂਤ ਬੁਨਿਆਦੀ ਢਾਂਚੇ ਬਾਰੇ ਵੱਡੇ ਦਾਅਵੇ ਕਰਦੀ ਹੈ ਪਰ ਜ਼ਮੀਨੀ ਪੱਧਰ 'ਤੇ ਹਾਲਤ ਬਦ ਤੋਂ ਵੀ ਬਦਤਰ ਹੈ। ਉਨ੍ਹਾਂ ਕਿਹਾ ਕਿ ਇਸ ਪਿੰਡ ਦੇ 47 ਤੋਂ ਵੱਧ ਖਿਡਾਰੀ ਕੌਮੀ ਜਾਂ ਕੌਮਾਂਤਰੀ ਪੱਧਰ 'ਤੇ ਦੇਸ਼ ਦਾ ਨਾਮ ਰੌਸ਼ਨ ਕਰ ਰਹੇ ਹਨ ਪਰ ਇਸ ਦੇ ਬਾਵਜੂਦ ਹਰਿਆਣਾ ਸਰਕਾਰ ਨੇ ਇਸ ਪਿੰਡ ਦੇ ਖੇਡ ਮੈਦਾਨ ਵਿੱਚ ਕੋਈ ਸਹੂਲਤ ਨਹੀਂ ਦਿੱਤੀ ਜਿਸ ਕਰਕੇ ਇਹ ਹਾਦਸਾ ਵਾਪਰਿਆ ਹੈ। ਉਨ੍ਹਾਂ ਕਿਹਾ ਕਿ ਸਭ ਤੋਂ ਦੁੱਖ ਦੀ ਗੱਲ ਹੈ ਕਿ ਖੇਡ ਮੈਦਾਨ ਦੇ ਸੁਧਾਰ ਲਈ ਫੰਡ ਵੀ ਜਾਰੀ ਹੋ ਚੁੱਕੇ ਹਨ ਪਰ ਅਜੇ ਤੱਕ ਇਕ ਪੈਸਾ ਵੀ ਨਹੀਂ ਖਰਚਿਆ ਗਿਆ ਜਿਸ ਲਈ ਜਵਾਬਦੇਹੀ ਤੈਅ ਹੋਣੀ ਚਾਹੀਦੀ ਹੈ।

ਮੁੱਖ ਮੰਤਰੀ ਨੇ ਹਰਿਆਣਾ ਵਿੱਚ ਬਹਾਦਰਗੜ੍ਹ ਵਿੱਚ ਬਾਸਕਟਬਾਲ ਪੋਲ ਡਿੱਗਣ ਕਾਰਨ 15 ਸਾਲਾ ਖਿਡਾਰੀ ਅਮਨ ਕੁਮਾਰ ਦੀ ਮੌਤ 'ਤੇ ਵੀ ਦੁੱਖ ਜ਼ਾਹਰ ਕਰਦਿਆਂ ਲੋੜੀਂਦੀ ਕਾਰਵਾਈ ਕਰਨ ਦੀ ਮੰਗ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਭਾਰਤੀ ਖੇਡ ਮੰਤਰਾਲੇ ਨੂੰ ਦੇਸ਼ ਦੇ ਖੇਡ ਮੈਦਾਨਾਂ ਦੀ ਮੌਜੂਦਾ ਹਾਲਤ ਦਾ ਪਤਾ ਲਾਉਣ ਸਾਰੇ ਸੂਬਿਆਂ ਪਾਸੋਂ ਰਿਪੋਰਟ ਮੰਗਣੀ ਚਾਹੀਦੀ ਹੈ ਤਾਂ ਕਿ ਭਵਿੱਖ ਵਿੱਚ ਅਜਿਹੀ ਕੋਈ ਘਟਨਾ ਨਾ ਵਾਪਰੇ। ਉਨ੍ਹਾਂ ਕਿਹਾ ਕਿ ਇਕ ਪਾਸੇ ਸਾਲ 2030 ਵਿੱਚ ਭਾਰਤ ਰਾਸ਼ਟਰਮੰਡਲ ਖੇਡਾਂ ਦੀ ਮੇਜ਼ਬਾਨੀ ਕਰ ਰਿਹਾ ਹੈ ਜਦਕਿ ਦੂਜੇ ਪਾਸੇ ਮਾੜੇ ਖੇਡ ਢਾਂਚੇ ਕਾਰਨ ਖੇਡ ਜਗਤ ਦੇ ਹੀਰੇ ਗੁਆ ਰਹੇ ਹਾਂ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਅਜਿਹੀਆਂ ਘਟਨਾਵਾਂ ਨੂੰ ਵਿਚਾਰਨ ਦੀ ਲੋੜ ਹੈ ਕਿ ਅਸੀਂ ਵਿਸ਼ਵ ਖੇਡ ਮੁਕਾਬਲੇ ਕਰਵਾਉਣ ਦੇ ਯੋਗ ਹਾਂ।

ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ ਖੇਡ ਸੱਭਿਆਚਾਰ ਨੂੰ ਪ੍ਰਫੁੱਲਿਤ ਲਈ 1194 ਕਰੋੜ ਰੁਪਏ ਦੀ ਲਾਗਤ ਨਾਲ ਸੂਬੇ ਭਰ ਵਿੱਚ 3100 ਤੋਂ ਵੱਧ ਅਤਿ-ਆਧੁਨਿਕ ਸਟੇਡੀਅਮ ਬਣਾਉਣ ਲਈ ਪ੍ਰਾਜੈਕਟ ਲਾਗੂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਖੇਡਾਂ ਲਈ ਵਿਸ਼ਵ ਪੱਧਰੀ ਸਹੂਲਤਾਂ ਪ੍ਰਦਾਨ ਕਰ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਾਡੀ ਸਰਕਾਰ ਨੇ ਖੇਡਾਂ ਦਾ ਬਜਟ ਵਧਾ ਕੇ ਇਕ ਹਜ਼ਾਰ ਕਰੋੜ ਰੁਪਏ ਕਰ ਦਿੱਤਾ ਹੈ। ਇਸੇ ਤਰ੍ਹਾਂ ਉੱਭਰਦੇ ਖਿਡਾਰੀਆਂ ਨੂੰ ਕੌਮੀ ਤੇ ਕੌਮਾਂਤਰੀ ਮੁਕਾਬਲਿਆਂ ਲਈ ਤਿਆਰ ਕਰਨ ਵਾਸਤੇ ਲਗਾਤਾਰ ਤਿੰਨ ਸਾਲ ਖੇਡਾਂ ਵਤਨ ਪੰਜਾਬ ਦੀਆਂ ਕਰਵਾਈ ਜਾ ਚੁੱਕੀਆਂ ਹਨ ਜਿਸ ਵਿੱਚ ਲੱਖਾਂ ਖਿਡਾਰੀ ਹਿੱਸਾ ਲੈਂਦੇ ਹਨ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਗੁਰੂਗ੍ਰਾਮ ਵਿੱਚ ਟੇਸਲਾ ਇੰਡੀਆ ਮੋਟਰਸ ਦੇ ਦੇਸ਼ ਦੇ ਪਹਿਲੇ ਆਲ ਇਨ ਵਨ ਕੇਂਦਰ ਦਾ ਕੀਤਾ ਉਦਘਾਟਨ

ਚੰਡੀਗੜ੍ਹ, 1 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਹਰਿਆਣਾ ਸਿਰਫ ਇੱਕ ਬਾਜ਼ਾਰ ਨਹੀਂ ਹੈ, ਇਹ ਮੈਨੂਫੈਕਚਰਿੰਗ ਦੀ ਮਹਾਸ਼ਕਤੀ ਹੈ। ਇਹ ਆਟੋਮੋਬਾਇਲ, ਆਈਟੀ ਅਤੇ ਹੋਰ ਉਦਯੋਗਾਂ ਦਾ ਵੱਡਾ ਕੇਂਦਰ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੂੰ ਪੂਰਾ ਭਰੋਸਾ ਹੈ ਕਿ ਟੇਸਲਾ ਭਾਰਤ ਵਿੱਚ ਆਪਣਾ ਪਹਿਲਾ ਇਲੈਕਟ੍ਰਿਕ ਵਾਹਨ ਮੈਨੂਫੈਕਚਰਿੰਗ ਪਲਾਂਟ ਹਰਿਆਣਾ ਵਿੱਚ ਹੀ ਸਥਾਪਿਤ ਕਰੇਗਾ ਅਤੇ ਟੇਸਲਾ ਦੀ ਹੋਰ ਸਬੰਧਿਤ ਇਕਾਈਆਂ ਵੀ ਇੱਥੇ ਲੱਗਣਗੀਆਂ।

ਮੁੱਖ ਮੰਤਰੀ ਵੀਰਵਾਰ ਨੂੰ ਗੁਰੂਗ੍ਰਾਮ ਵਿੱਚ ਟੇਸਲਾ ਇੰਡੀਆ ਮੋਟਰਸ ਦੇ ਦੇਸ਼ ਦੇ ਪਹਿਲੇ ਆਲ ਇਨ ਵਨ ਕੇਂਦਰ ਦਾ ਉਦਘਾਟਨ ਕਰਨ ਬਾਅਦ ਮੌਜੂਦ ਲੋਕਾਂ ਨੂੰ ਸੰਬੋਧਿਤ ਕਰ ਰਹੇ ਸਨ। ਪ੍ਰੋਗਰਾਮ ਵਿੱਚ ਹਰਿਆਣਾ ਦੇ ਉਦਯੋਗ ਅਤੇ ਵਪਾਰ ਮੰਤਰੀ ਰਾਓ ਨਰਬੀਰ ਸਿੰਘ, ਪਟੌਦੀ ਦੀ ਵਿਧਾਇਕ ਸ੍ਰੀਮਤੀ ਬਿਮਲਾ ਚੌਧਰੀ, ਸੋਹਨਾ ਦੇ ਵਿਧਾਇਕ ਸ੍ਰੀ ਤੇਜਪਾਲ ਤੰਵਰ, ਗੁਰੂਗ੍ਰਾਮ ਦੇ ਵਿਧਾਇਕ ਸ੍ਰੀ ਮੁਕੇਸ਼ ਸ਼ਰਮਾ ਵੀ ਮੌਜੂਦ ਰਹੇ।

ਮੁੱਖ ਮੰਤਰੀ ਨੇ ਟੇਸਲਾ ਇੰਡੀਆ ਮੋਟਰਸ ਦੇ ਕੇਂਦਰ ਦਾ ਉਦਘਾਟਨ ਕਰਨ ਦੇ ਬਾਅਦ ਆਪਣੇ ਸੰਬੋਧਨ ਵਿੱਚ ਕਿਹਾ ਕਿ ਹਰਿਆਣਾ ਵਿੱਚ ਉਦਯੋਗਾਂ ਦੀ ਕੋਸਟ ਆਫ ਡੂਇੰਗ ਬਿਜਨੈਸ ਨੂੰ ਘੱਟ ਕਰਨ ਲਈ ਹਰਿਆਣਾ ਸਰਕਾਰ ਲਗਾਤਾਰ ਯਤਨਸ਼ੀਲ ਹੈ। ਇੰਨ੍ਹਾਂ ਯਤਨਾਂ ਤਹਿਤ ਉਦਯੋਗਿਕ ਪਲਾਟਾਂ ਲਈ ਵਿਸ਼ੇਸ਼ ਲੀਜਿੰਗ ਪੋਲਿਸੀ ਬਣਾਈ ਗਈ ਹੈ। ਇਸੀ ਲੜੀ ਵਿੱਚ ਇੱਥੇ ਸਥਾਪਿਤ ਉਦਯੋਗਾਂ ਦੇ ਨਾਲ ਮਿਲ ਕੇ ਲੋਕਲ ਸਪਲਾਈ ਚੇਨ ਨੂੰ ਪ੍ਰੋਤਸਾਹਨ ਦਿੱਤਾ ਜਾ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਵਿਦੇਸ਼ੀ ਕੰਪਨੀਆਂ ਅਤੇ ਵਿਦੇਸ਼ਾਂ ਤੋਂ ਪ੍ਰਭਾਵਸ਼ਾਲੀ ਵਾਰਤਲਾਪ ਲਈ ਹਰਿਆਣਾ ਸਰਕਾਰ ਨੇ ਵਿਦੇਸ਼ ਸਹਿਯੋਗ ਵਿਭਾਗ ਦੀ ਸਥਾਪਨਾ ਕੀਤੀ ਹੈ ਜੋ ਵਿਦੇਸ਼ੀ ਨਿਵੇਸ਼ਕਾਂ ਦੇ ਨਾਲ ਲਗਾਤਾਰ ਸਹਿਯੋਗ ਸਥਾਪਿਤ ਕਰਨ ਦਾ ਕੰਮ ਕਰ ਰਹੀ ਹੈ।

ਉਨ੍ਹਾਂ ਨੇ ਕਿਹਾ ਕਿ ਹਰਿਆਣਾ ਦੇ ਉਦਯੋਗਿਕ ਵਿਕਾਸ ਨੂੰ ਗਤੀ ਦੇਣ ਲਈ ਈਜ਼ ਆਫ ਡੂਇੰਗ ਬਿਜਨੈਸ ਦਾ ਇੱਕ ਇਕੋ-ਸਿਸਟਮ ਤਿਆਰ ਕੀਤਾ ਹੈ, ਜਿਸ ਦੇ ਚਲਦੇ ਹਰਿਆਣਾ ਈਜ਼ ਆਫ ਡੂਇੰਗ ਬਿਜਨੈਸ ਦੀ ਟਾਪ ਅਚੀਵਰਸ ਕੈਟੇਗਰੀ ਵਿੱਚ ਮੋਹਰੀ ਸਥਾਨ ਬਣਾ ਚੁੱਕਾ ਹੈ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਨੂੰ ਆਪਣੇ ਆਟੋਮੋਬਾਇਲ ਸੈਕਟਰ 'ਤੇ ਮਾਣ ਹੈ, ਜੋ ਭਾਰਤ ਵਿੱਚ ਸੱਭ ਤੋਂ ਵੱਧ ਯਾਤਰੀ ਕਾਰਾਂ ਦਾ ਨਿਰਮਾਣ ਕਰਦਾ ਹੈ।

ਨਿਵੇਸ਼ ਤੇ ਉਦਯੋਗ ਹਿਤੇਸ਼ੀ ਨੀਤੀਆਂ ਦੇ ਨਾਲ ਹਰਿਆਣਾ ਬਣਿਆ ਆਸਾਂ ਅਤੇ ਮੌਕਿਆਂ ਦੀ ਧਰਤੀ, ਪਿਛਲੇ 11 ਸਾਲਾਂ ਵਿੱਚ ਨਿਰਯਾਤ ਵਿੱਚ ਹੋਈ 2 ਲੱਖ ਕਰੋੜ ਰੁਪਏ ਤੋਂ ਵੱਧ ਦਾ ਵਾਧਾ

ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਸੂਬਾ ਅੱਜ ਆਪਣੀ ਵਿਸ਼ੇਸ਼ ਤੇ ਉਦਯੋਗ ਹਿਤੇਸ਼ੀ ਨੀਤੀਆਂ ਦੇ ਆਧਾਰ 'ਤੇ ਆਸਾਂ ਅਤੇ ਮੌਕਿਆਂ ਦੀ ਧਰਤੀ ਬਣ ਗਿਆ ਹੈ। ਅੱਜ ਸੂਬੇ ਦੀ ਗਿਣਤੀ ਦੇਸ਼ ਦੇ ਸਪੰਨ ਸੂਬਿਆਂ ਵਿੱਚ ਹੁੰਦੀ ਹੈ। ਦੇਸ਼ ਦੀ ਜੀਡੀਪੀ ਵਿੱਚ ਹਰਿਆਣਾ ਦੀ ਯੋਗਦਾਨ 3.6 ਫੀਸਦੀ ਹੈ। ਸਾਲ 2014 ਤੋਂ ਪਹਿਲਾਂ ਸੂਬੇ ਦਾ ਨਿਰਯਾਤ ਲਗਭਗ 70 ਹਜਾਰ ਕਰੋੜ ਰੁਪਏ ਤੱਕ ਸੀ, ਜੋ ਹੁਣ ਵੱਧ ਕੇ 2 ਲੱਖ 75 ਹਜਾਰ ਕਰੋੜ ਰੁਪਏ ਨੂੰ ਪਾਰ ਕਰ ਗਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਉਦਯੋਗਾਂ ਨੂੰ ਲਾਜਿਸਟਿਕ ਸਹੂਲਤ ਦੇਣ ਵਿੱਚ ਦੇਸ਼ ਵਿੱਚ ਦੂਜੇ ਅਤੇ ਉੱਤਰ ਭਾਰਤ ਵਿੱਚ ਪਹਿਲੇ ਸਥਾਨ 'ਤੇ ਹੈ।

ਐਸ.ਸੀ ਕੈਟਾਗਰੀ ਨਾਲ ਸਬੰਧਤ ਲਾਭਪਾਤਰੀਆਂ ਨੂੰ ਦਿੱਤੀ ਜਾਵੇਗੀ 2 ਹਫਤਿਆਂ ਦੀ ਮੁ.ਫ਼ਤ ਡੇਅਰੀ ਸਿਖਲਾਈ

ਬਠਿੰਡਾ, 1 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪਸ਼ੂ ਪਾਲਣ, ਮੱਛੀ ਪਾਲਣ ਅਤੇ ਡੇਅਰੀ ਵਿਕਾਸ ਵਿਭਾਗ ਦੇ ਕੈਬਨਿਟ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆ ਦੇ ਦਿਸ਼ਾ-ਨਿਰਦੇਸ਼ਾ ਅਤੇ ਡਾਇਰੈਕਟਰ ਡੇਅਰੀ ਵਿਕਾਸ ਵਿਭਾਗ ਪੰਜਾਬ ਸ਼੍ਰੀ ਕੁਲਦੀਪ ਸਿੰਘ ਜੱਸੋਵਾਲ ਦੀ ਯੋਗ ਅਗਵਾਈ ਹੇਠ ਡੇਅਰੀ ਵਿਕਾਸ ਵਿਭਾਗ/ਪੰਜਾਬ ਡੇਅਰੀ ਵਿਕਾਸ ਬੋਰਡ ਵੱਲੋਂ ਐਸ.ਸੀ. ਲਾਭਪਾਤਰੀਆਂ ਨੂੰ 2 ਹਫਤਿਆਂ ਦੀ ਮੁਫਤ ਡੇਅਰੀ ਸਿਖਲਾਈ ਦੇਣ ਲਈ ਬੈਚ 01 ਦਸੰਬਰ ਨੂੰ ਡੇਅਰੀ ਸਿਖਲਾਈ ਅਤੇ ਵਿਸਥਾਰ ਕੇਂਦਰ ਸਰਦੂਲਗੜ ਵਿਖੇ ਚਲਾਇਆ ਜਾ ਰਿਹਾ ਹੈ। ਇਹ ਜਾਣਕਾਰੀ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਗੁਰਵਿੰਦਰ ਸਿੰਘ ਸਿੱਧੂ ਨੇ ਸਾਂਝੀ ਕੀਤੀ।

ਉਨ੍ਹਾਂ ਅੱਗੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਿਖਲਾਈ ਸਕੀਮ ਤਹਿਤ ਸਿਖਲਾਈ ਕੇਵਲ ਉਨ੍ਹਾਂ ਵਿਅਕਤੀਆਂ ਨੂੰ ਹੀ ਦਿੱਤੀ ਜਾਵੇਗੀ, ਜੋ ਅਨੁਸੂਚਿਤ ਜਾਤੀ ਨਾਲ ਸਬੰਧਿਤ ਹੋਣਗੇ, ਜਿਨ੍ਹਾਂ ਦੀ ਉਮਰ 18 ਤੋਂ 50 ਸਾਲ ਦੇ ਦਰਮਿਆਨ ਹੋਵੇ ਅਤੇ ਦਿਹਾਤੀ ਏਰੀਏ ਦੇ ਰਹਿਣ ਵਾਲੇ ਹੋਣ ਅਤੇ ਉਹ ਘੱਟੋ-ਘੱਟ ਪੰਜਵੀਂ ਪਾਸ ਹੋਣ। ਸਿਖਿਆਰਥੀਆਂ ਲਈ ਚਾਹ-ਪਾਣੀ ਦਾ ਪ੍ਰਬੰਧ ਵੀ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਡੇਅਰੀ ਵਿਭਾਗ ਵੱਲੋਂ ਇਹ ਸਿਖਲਾਈ ਮੁਫਤ ਦਿੱਤੀ ਜਾ ਰਹੀ ਹੈ, ਸਿਖਲਾਈ ਉਪਰੰਤ ਪ੍ਰਤੀ ਸਿਖਿਆਰਥੀ ਨੂੰ 3500/- ਰੁਪਏ ਵਜੀਫਾ ਵੀ ਦਿੱਤਾ ਜਾਵੇਗਾ।

ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਗੁਰਵਿੰਦਰ ਸਿੰਘ ਸਿੱਧੂ ਨੇ ਅਨੁਸੂਚਿਤ ਜਾਤੀ ਨਾਲ ਸਬੰਧਤ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਇਸ ਸਿਖਲਾਈ ਕੋਰਸ ਦਾ ਪੂਰਾ ਲਾਹਾ ਲੈਣ ਅਤੇ ਦਫਤਰ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ, ਕਮਰਾ ਨੰਬਰ 302-ਈ, ਦੂਸਰੀ ਮੰਜਿਲ, ਬਠਿੰਡਾ ਵਿਖੇ ਫਾਰਮ ਭਰ ਸਕਦੇ ਹਨ। ਉਨ੍ਹਾਂ ਇਹ ਵੀ ਦੱਸਿਆਂ ਜਾਂਦਾ ਹੈ ਕਿ ਸਫਲਤਾ ਪੂਰਵਕ ਟ੍ਰੇਨਿੰਗ ਪ੍ਰਾਪਤ ਕਰਨ ਵਾਲੇ ਸਿਖਿਆਰਥੀ ਵਿਭਾਗ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਦਾ ਲਾਭ ਉਠਾ ਸਕਦੇ ਹਨ। ਚਾਹਵਾਨ ਵਧੇਰੇ ਜਾਣਕਾਰੀ ਲਈ 99148-01227 'ਤੇ ਸੰਪਰਕ ਕਰ ਸਕਦੇ ਹਨ।

ਸੀ.ਟੀ. ਯੂਨੀਵਰਸਿਟੀ ਵੱਲੋਂ ਇੰਡੋ-ਸ਼੍ਰੀਲੰਕਾ ਸਿਮਪੋਜ਼ੀਅਮ 2025 ਦਾ ਸਫਲ ਆਯੋਜਨ

ਲੁਧਿਆਣਾ, 1 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸੀ.ਟੀ. ਯੂਨੀਵਰਸਿਟੀ ਨੇ ਇੰਡੋ-ਸ਼੍ਰੀਲੰਕਾ ਸਿਮਪੋਜ਼ੀਅਮ 2025 ਦਾ ਸ਼ਾਨਦਾਰ ਅਤੇ ਸਫਲ ਆਯੋਜਨ ਕੀਤਾ। ਇਹ ਸਿਮਪੋਜ਼ੀਅਮ ਭਾਰਤ ਅਤੇ ਸ਼੍ਰੀਲੰਕਾ ਵਿਚਕਾਰ ਅਕਾਦਮਿਕ ਸਹਿਕਾਰਤਾ, ਸਾਂਸਕ੍ਰਿਤਿਕ ਅਦਲੇ-ਬਦਲੇ ਅਤੇ ਨੈਤਿਕ ਖੋਜ ਨੂੰ ਵਧਾਵਾ ਦੇਣ ਵੱਲ ਇਕ ਮਹੱਤਵਪੂਰਨ ਕਦਮ ਸਾਬਤ ਹੋਇਆ।

ਕਾਰਜਕ੍ਰਮ ਦੀ ਸ਼ੁਰੂਆਤ ਮਹਿਮਾਨ ਵਿਦਵਾਨਾ ਡਾ. ਕਲਪਨੀ ਰਤਨਾਇਕੇ ਅਤੇ ਡਾ. ਪ੍ਰਵੀਨ ਬੰਸਲ ਦੇ ਪਰੰਪਰਾਗਤ ਸੁਆਗਤ ਨਾਲ ਹੋਈ। ਪ੍ਰੋ. ਚਾਂਸਲਰ ਡਾ. ਮਨਬੀਰ ਸਿੰਘ, ਵਾਈਸ ਚਾਂਸਲਰ ਡਾ. ਨਿਤਿਨ ਟੰਡਨ ਅਤੇ ਪ੍ਰੋ ਵਾਈਸ ਚਾਂਸਲਰ ਡਾ. ਸਿਮਰਨ ਕੌਰ ਗਿੱਲ ਨੇ ਸਿਮਪੋਜ਼ੀਅਮ ਦੀ ਅਹਿਮੀਅਤ ਉਤੇ ਰੌਸ਼ਨੀ ਪਾਈ ਅਤੇ ਸੀ.ਟੀ.ਯੂ. ਦੀ ਗਲੋਬਲ ਏਗੇਜਮੈਂਟ ਪ੍ਰਤੀ ਸਮਰਪਣ ਨੂੰ ਜ਼ਾਹਰ ਕੀਤਾ।

ਕੀਨੋਟ ਸੈਸ਼ਨਾਂ ਦੌਰਾਨ ਡਾ. ਕਲਪਨੀ ਰਤਨਾਇਕੇ ਨੇ ਘੱਟ-ਲਾਗਤ, ਨੈਤਿਕ ਅਤੇ ਟਿਕਾਊ ਖੋਜ ਤਰੀਕਿਆਂ 'ਤੇ ਚਰਚਾ ਕੀਤੀ, ਜਦਕਿ ਡਾ. ਪੁਨੀਤ ਨੇ ਭਾਰਤੀ ਪਰੰਪਰਾਗਤ ਦਵਾਈ ਦੇ ਵਿਗਿਆਨਕ ਮਹੱਤਵ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ।

ਪੋਸਟਰ ਅਤੇ ਔਰਲ ਪ੍ਰਜ਼ੈਂਟੇਸ਼ਨਾਂ ਵਿੱਚ ਨੌਜਵਾਨ ਖੋਜਕਾਰਾਂ ਨੇ ਭਰਪੂਰ ਜਜ਼ਬੇ ਨਾਲ ਹਿੱਸਾ ਲਿਆ। ਮੁਲਾਂਕਣ ਡਾ. ਸੁਮਿਤਾ ਸਿੰਘ ਅਤੇ ਡਾ. ਕੁਨਾਲ ਅਰੋੜਾ ਵੱਲੋਂ ਕੀਤਾ ਗਿਆ।

ਪ੍ਰੋ. ਚਾਂਸਲਰ ਡਾ. ਮਨਬੀਰ ਸਿੰਘ ਨੇ ਕਿਹਾ ਕਿ ਅਜੇਹੇ ਮੰਚ ਅੰਤਰਰਾਸ਼ਟਰੀ ਖੋਜ ਅਤੇ ਸਹਿਕਾਰਤਾ ਲਈ ਨਵੇਂ ਦਰਵਾਜ਼ੇ ਖੋਲ੍ਹਦੇ ਹਨ। ਸਕੂਲ ਦੇ ਹੈਡ ਡਾ. ਵਿਰ ਵਿਕਰਮ ਨੇ ਇਸ ਸਿਮਪੋਜ਼ੀਅਮ ਨੂੰ ਨੈਤਿਕ ਖੋਜ ਅਤੇ ਅਕਾਦਮਿਕ ਏਕੀਕਰਨ ਵੱਲ ਇਕ ਮਹੱਤਵਪੂਰਨ ਕਦਮ ਕਰਾਰ ਦਿੱਤਾ।

ਸਾਰਿਆਂ ਦੀ ਭਾਗੀਦਾਰੀ ਨਾਲ ਇਹ ਸਿਮਪੋਜ਼ੀਅਮ ਜ਼ਬਰਦਸਤ ਤਰੀਕੇ ਨਾਲ ਸਫਲ ਰਿਹਾ ਤੇ ਗਲੋਬਲ ਗਿਆਨ-ਅਦਾਨ ਪ੍ਰਦਾਨ ਲਈ ਇੱਕ ਮਜ਼ਬੂਤ ਪਲੇਟਫਾਰਮ ਸਾਬਤ ਹੋਇਆ।

ਸੂਬਾ ਸਰਕਾਰ ਪਿੰਡਾਂ ਦੀ ਨੁਹਾਰ ਬਦਲਣ ਲਈ ਲਈ ਤਤਪਰ : ਬਲਕਾਰ ਸਿੰਘ ਸਿੱਧੂ

ਬਠਿੰਡਾ, 1 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਮੁ

ਸੰਪਾਦਕੀ

ਚੀਨ ਦੇ ਨਾਲ ਭਾਰਤ ਦਾ ਵਪਾਰ ਅਸੰਤੁਲਨ

ਇਸ ਵਿੱਤੀ ਸਾਲ ਦੇ ਪਹਿਲੇ 7 ਮਹੀਨਿਆਂ 'ਚ ਚੀਨ ਨੂੰ ਭਾਰਤ ਤੋਂ ਬਰਾਮਦ 'ਚ ਲਗਾਤਾਰ ਵਾਧਾ ਹੁੰਦਾ ਰਿਹਾ ਜੋ ਅਕਤੂਬਰ 'ਚ 42 ਫੀਸਦੀ ਦੇ ਵਾਧੇ ਦੇ ਨਾਲ ਸਰਵਉੱਚ ਸਿਖਰ 'ਤੇ ਪਹੁੰਚ ਗਿਆ। ਇਸ ਨਾਲ ਭਾਰਤ ਨੂੰ ਭਾਰੀ ਭਰਕਮ ਅਮਰੀਕੀ ਟੈਰਿਫ ਦਾ ਸਾਹਮਣਾ ਕਰਨ 'ਚ ਕੁਝ ਸਹਾਇਤਾ ਮਿਲੀ ਹੈ। ਇਕ ਸਾਲ ਪਹਿਲਾਂ ਦੀ ਤੁਲਨਾ 'ਚ ਭਾਰਤ ਤੋਂ ਚੀਨ ਨੂੰ ਸਾਡੀ ਬਰਾਮਦ 'ਚ 24.7 ਫੀਸਦੀ ਦਾ ਵਾਧਾ ਹੋਇਆ ਜੋ ਅਪ੍ਰੈਲ-ਅਕਤੂਬਰ ਵਿਚਾਲੇ 10.03 ਬਿਲੀਅਨ ਡਾਲਰ 'ਤੇ ਪਹੁੰਚ ਗਿਆ ਅਤੇ ਇਸ 'ਚ ਪੈਟਰੋਲੀਅਮ ਉਤਪਾਦਾਂ, ਦੂਰਸੰਚਾਰ ਉਪਕਰਣਾਂ ਅਤੇ ਸਮੁੰਦਰੀ ਉਤਪਾਦਾਂ ਦੀ ਹਿੱਸੇਦਾਰੀ ਸਭ ਤੋਂ ਵੱਧ ਰਹੀ। ਕਿਉਂਕਿ ਇਸ ਸਮੇਂ ਵਿਸ਼ਵਵਿਆਪੀ ਮੰਗ ਅਨਿਸ਼ਚਿਤ ਬਣੀ ਹੋਈ ਹੈ ਅਤੇ ਅਨੇਕ ਮਹੱਤਵਪੂਰਨ ਅਰਥਵਿਵਸਥਾਵਾਂ ਨੂੰ ਆਪਣੇ ਬਰਾਮਦੀ ਖੇਤਰ 'ਚ ਮੰਦੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਇਸ ਲਿਹਾਜ਼ ਨਾਲ ਇਹ ਮਿਆਦ ਭਾਰਤ-ਚੀਨ ਵਪਾਰ ਸੰਬੰਧਾਂ ਦੇ ਸਭ ਤੋਂ ਵੱਧ ਲਚਕੀਲੇ ਦੌਰ 'ਚੋਂ ਇਕ ਸੀ। ਇਸ ਮਿਆਦ ਦੌਰਾਨ ਭਾਰਤ ਦੀ ਸਭ ਤੋਂ ਵੱਧ ਦਰਾਮਦ 73.99 ਬਿਲੀਅਨ ਡਾਲਰ ਵੀ ਚੀਨ ਤੋਂ ਹੀ ਹੋਈ। ਵਰਣਨਯੋਗ ਹੈ ਕਿ ਅਪ੍ਰੈਲ-ਜੁਲਾਈ 2025-26 ਦੀ ਮਿਆਦ 'ਚ ਭਾਰਤ ਦੀ ਬਰਾਮਦ 19.97 ਫੀਸਦੀ ਵਧ ਕੇ 5.75 ਬਿਲੀਅਨ ਡਾਲਰ ਹੋ ਗਈ, ਜਦਕਿ ਦਰਾਮਦ 13.06 ਫੀਸਦੀ ਵਧ ਕੇ 40.65 ਬਿਲੀਅਨ ਡਾਲਰ ਹੋ ਗਈ। ਸਾਲ 2024-25 'ਚ ਭਾਰਤ ਨੇ ਕੁੱਲ 14.25 ਬਿਲੀਅਨ ਡਾਲਰ ਦਾ ਸਾਮਾਨ ਬਰਾਮਦ ਕੀਤਾ ਜਦਕਿ 113.5 ਬਿਲੀਅਨ ਡਾਲਰ ਦਾ ਸਾਮਾਨ ਦਰਾਮਦ ਕੀਤਾ। ਇਸ ਨਾਲ (ਦਰਾਮਦ ਅਤੇ ਬਰਾਮਦ 'ਚ ਫਰਕ) ਵਪਾਰ ਘਾਟਾ ਜੋ 2003-04 'ਚ 1.1 ਬਿਲੀਅਨ ਡਾਲਰ ਸੀ, ਉਹ 2024-25 'ਚ ਵਧ ਕੇ 99.2 ਬਿਲੀਅਨ ਡਾਲਰ ਹੋ ਗਿਆ। ਪਿਛਲੇ ਵਿੱਤੀ ਸਾਲ 'ਚ ਚੀਨ ਦਾ ਵਪਾਰ ਘਾਟਾ ਭਾਰਤ ਦੇ ਕੁੱਲ ਵਪਾਰ ਅਸੰਤੁਲਨ (283 ਬਿਲੀਅਨ) ਦਾ 35 ਫੀਸਦੀ ਸੀ ਅਤੇ 2023-24 'ਚ ਫਰਕ 85.1 ਬਿਲੀਅਨ ਡਾਲਰ ਦਾ ਰਿਹਾ। ਥਿੰਕ ਟੈਂਕ 'ਜੀ. ਟੀ. ਆਰ. ਆਈ' ਅਨੁਸਾਰ ਚੀਨ ਦੇ ਨਾਲ ਸਾਡਾ ਵਪਾਰ ਘਾਟਾ ਇਸ ਲਈ ਚਿੰਤਾਜਨਕ ਹੈ ਕਿਉਂਕਿ ਉਦਯੋਗਾਂ ਦੇ ਲਗਭਗ ਹਰੇਕ ਖੇਤਰ 'ਚ ਚੀਨ ਭਾਰਤ 'ਤੇ ਹਾਵੀ ਹੈ। ਇਸ 'ਚ ਦਵਾਈਆਂ ਅਤੇ ਇਲੈਕਟ੍ਰਾਨਿਕਸ ਦੇ ਸਾਮਾਨ ਤੋਂ ਲੈ ਕੇ ਨਿਰਮਾਣ ਸਮੱਗਰੀ, ਨਵਿਆਉਣਯੋਗ ਊਰਜਾ ਅਤੇ ਖਪਤਕਾਰ ਸਮੱਗਰੀਆਂ ਸ਼ਾਮਲ ਹਨ। 'ਜੀ. ਟੀ. ਆਰ. ਆਈ.' ਵਿਸ਼ਲੇਸ਼ਣ ਦੇ ਅਨੁਸਾਰ ਐਂਟੀਬਾਇਓਟਿਕ ਦਵਾਈਆਂ ਦੇ ਮਾਮਲੇ 'ਚ ਭਾਰਤ ਦੀ ਜ਼ਰੂਰਤ ਦੇ 97.7 ਫੀਸਦੀ ਸਾਮਾਨ ਦੀ ਸਪਲਾਈ, ਇਲੈਕਟ੍ਰਾਨਿਕਸ ਦੇ 96.8 ਫੀਸਦੀ ਸਾਮਾਨ ਦੀ ਸਪਲਾਈ ਅਤੇ ਨਵਿਆਉਣਯੋਗ ਊਰਜਾ ਦੇ ਮਾਮਲੇ 'ਚ ਸੌਰ ਪੈਨਲਾਂ ਦੀ 82.7 ਫੀਸਦੀ ਜ਼ਰੂਰਤ ਦੀ ਪੂਰਤੀ ਅਤੇ ਲਿਥੀਅਮ ਇਯੋਨ ਬੈਟਰੀਆਂ ਦੀ 75.2 ਫੀਸਦੀ ਜ਼ਰੂਰਤ ਦੀ ਸਪਲਾਈ ਚੀਨ ਕਰਦਾ ਹੈ। ਇੱਥੋਂ ਤੱਕ ਕਿ ਲੈਪਟਾਪ (ਹਿੱਸੇਦਾਰੀ 80.5 ਫੀਸਦੀ), ਕਸ਼ੀਦਾਕਾਰੀ ਦੀ ਮਸ਼ੀਨਰੀ (91.4 ਫੀਸਦੀ) ਅਤੇ ਵਿਸਕੋਸ ਯਾਰਨ (98.9 ਫੀਸਦੀ) ਦੀ ਸਪਲਾਈ ਚੀਨ ਤੋਂ ਹੀ ਹੁੰਦੀ ਹੈ। ਜੀ. ਟੀ. ਆਰ. ਆਈ. ਦੇ ਬਾਨੀ ਅਜੇ ਸ਼੍ਰੀਵਾਸਤਵ ਦਾ ਕਹਿਣਾ ਹੈ ਕਿ ਬੀਜਿੰਗ ਤੋਂ ਸਾਮਾਨ 'ਤੇ ਦਰਾਮਦ 'ਤੇ ਬਹੁਤ ਜ਼ਿਆਦਾ ਨਿਰਭਰਤਾ ਨਾਲ ਚੀਨ ਨੂੰ ਭਾਰਤ 'ਤੇ ਤਰਜੀਹ ਮਿਲਦੀ ਹੈ ਅਤੇ ਸਿਆਸੀ ਤਣਾਅ ਦੇ ਮੌਕੇ 'ਤੇ ਚੀਨ ਆਪਣੀ ਸਪਲਾਈ ਚੇਨ ਨੂੰ ਭਾਰਤ ਵਿਰੁੱਧ ਇਕ ਹਥਿਆਰ ਦੇ ਰੂਪ 'ਚ ਵਰਤ ਸਕਦਾ ਹੈ। ਭਾਰਤ ਵਲੋਂ ਚੀਨ ਨੂੰ ਬਰਾਮਦ 'ਚ ਕਮੀ ਦੇ ਸਿੱਟੇ ਵਜੋਂ ਇਹ ਅਸੰਤੁਲਨ ਵਧਦਾ ਜਾ ਰਿਹਾ ਹੈ। ਦੋ ਦਹਾਕੇ ਪਹਿਲਾਂ ਭਾਰਤ ਵਲੋਂ ਚੀਨ ਤੋਂ ਦਰਾਮਦ ਦੇ ਮੁਕਾਬਲੇ 'ਚ 42 ਫੀਸਦੀ ਸਾਮਾਨ ਬਰਾਮਦ ਕੀਤਾ ਜਾਂਦਾ ਸੀ ਜੋ ਹੁਣ ਘੱਟ ਕੇ ਸਿਰਫ 11.2 ਫੀਸਦੀ ਰਹਿ ਗਿਆ ਹੈ। ਪਰ ਵਣਜ ਮੰਤਰਾਲੇ ਅਨੁਸਾਰ ਚੀਨ ਤੋਂ ਦਰਾਮਦ ਕੀਤੀਆਂ ਜਾਣ ਵਾਲੀਆਂ ਜ਼ਿਆਦਾਤਰ ਵਸਤਾਂ ਕੱਚਾ ਮਾਲ ਹੀ ਹਨ ਜਿਨ੍ਹਾਂ 'ਚ ਇਲੈਕਟ੍ਰਾਨਿਕ ਪੁਰਜ਼ੇ, ਮੋਬਾਈਲ ਫੋਨ ਦੇ ਪੁਰਜ਼ੇ, ਮਸ਼ੀਨਰੀ ਅਤੇ ਦਵਾਈਆਂ ਦੇ ਸਾਮਾਨ 'ਚ ਵਰਤੇ ਜਾਣ ਵਾਲੇ ਪਦਾਰਥ ਸ਼ਾਮਲ ਹਨ। ਇਨ੍ਹਾਂ ਤੋਂ ਬਣਾਏ ਗਏ (ਫਿਨਿਸ਼ਡ) ਉਤਪਾਦਾਂ ਦੀ ਬਰਾਮਦ ਕੀਤੀ ਜਾਂਦੀ ਹੈ ਅਤੇ ਇਨ੍ਹਾਂ ਦੀ ਦਰਾਮਦ ਵੀ ਹੁੰਦੀ ਹੈ। ਇਨ੍ਹਾਂ ਸ਼੍ਰੇਣੀਆਂ 'ਚ ਭਾਰਤ ਦੀ ਨਿਰਭਰਤਾ ਮੁੱਖ ਤੌਰ 'ਤੇ ਸਪਲਾਈ ਅਤੇ ਮੰਗ 'ਚ ਫਰਕ ਦਾ ਨਤੀਜਾ ਹੈ। ਹਾਲਾਂਕਿ ਭਾਰਤ ਸਰਕਾਰ ਨੇ 14 ਤੋਂ ਵੱਧ ਖੇਤਰਾਂ 'ਚ ਘਰੇਲੂ ਨਿਰਮਾਣ ਨੂੰ ਬੜ੍ਹਾਵਾ ਦੇਣ ਲਈ ਉਤਸ਼ਾਹਜਨਕ ਯੋਜਨਾਵਾਂ ਜਾਰੀ ਕੀਤੀਆਂ ਹਨ ਅਤੇ ਸਰਕਾਰ ਭਾਰਤੀ ਵਪਾਰਕ ਅਦਾਰਿਆਂ ਨੂੰ ਬਦਲਵੇਂ ਸਪਲਾਈ ਕਰਤਾਵਾਂ ਦੀ ਭਾਲ ਨੂੰ ਬੜ੍ਹਾਵਾ ਦੇ ਰਹੀ ਹੈ ਤਾਂ ਕਿ ਕਿਸੇ ਚੀਜ਼ ਦੀ ਸਪਲਾਈ ਲਈ ਕਿਸੇ ਨੂੰ ਇਕ ਸਰੋਤ 'ਤੇ ਹੀਂ ਨਰਭਰ ਨਾ ਰਹਿਣਾ ਪਵੇ। ਇਸ ਦੇ ਨਾਲ ਹੀ ਵਣਜ ਮੰਤਰਾਲੇ ਵਲੋਂ ਨਿਯਮਿਤ ਤੌਰ 'ਤੇ ਵਿਦੇਸ਼ਾਂ ਤੋਂ ਕੀਤੀ ਜਾਣ ਵਾਲੀ ਦਰਾਮਦ 'ਚ ਵਾਧੇ 'ਤੇ ਵੀ ਨਜ਼ਰ ਰੱਖੀ ਜਾ ਰਹੀ ਹੈ ਅਤੇ 'ਡਾਇਰੈਕਟੋਰੇਟ ਜਨਰਲ ਆਫ ਟ੍ਰੇਡ ਰੈਮੇਡੀਜ਼' ਨੂੰ ਅਣਉਚਿਤ ਵਪਾਰ ਆਚਰਣ ਕਰਨ ਵਾਲਿਆਂ ਵਿਰੁੱਧ ਉਚਿਤ ਕਾਰਵਾਈ ਕਰਨ ਦਾ ਅਧਿਕਾਰ ਦਿੱਤਾ ਗਿਆ ਹੈ। ਜਿੱਥੋਂ ਤੱਕ ਚੀਨ ਦੇ ਨਾਲ ਵਪਾਰ ਅਸੰਤੁਲਨ ਨਾਲ ਭਾਰਤ 'ਤੇ ਪੈਣ ਵਾਲੇ ਪ੍ਰਭਾਵ ਦਾ ਸੰਬੰਧ ਹੈ, ਇਸ ਨਾਲ ਸਾਡੇ ਵਿਦੇਸ਼ੀ ਮੁਦਰਾ ਭੰਡਾਰ 'ਤੇ ਦਬਾਅ ਪੈਂਦਾ ਹੈ, ਵਿਦੇਸ਼ੀ ਸਪਲਾਇਰਾਂ 'ਤੇ ਨਿਰਭਰਤਾ ਵਧਦੀ ਹੈ ਅਤੇ ਸਸਤੀ ਦਰਾਮਦ ਨਾਲ ਸਥਾਨਕ ਨਿਰਮਾਤਾਵਾਂ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਦਾ ਹੈ ਜਿਸ ਨਾਲ ਮੁਦਰਾ ਦੀ ਕਦਰ ਘਟਾਈ ਹੋਣ ਦੇ ਕਾਰਨ ਦਰਾਮਦੀ ਵਸਤਾਂ ਦੀ ਲਾਗਤ 'ਚ ਵਾਧਾ ਹੁੰਦਾ ਹੈ। ਮਹਿੰਗਾਈ ਵਧਦੀ ਹੈ ਅਤੇ ਆਪਣੀਆਂ ਜ਼ਰੂਰਤਾਂ ਦੀ ਪੂਰਤੀ ਲਈ ਵਿਦੇਸ਼ੀ ਦਰਾਮਦ 'ਤੇ ਨਿਰਭਰਤਾ ਭਾਰਤ ਦੇ ਲੰਬੇ ਸਮੇਂ ਦੇ ਉਦਯੋਗਿਕ ਵਿਕਾਸ 'ਚ ਰੁਕਾਵਟ ਬਣਦੀ ਹੈ।

ਪੈਲੀਏਟਿਵ ਕੇਅਰ ਦੀ ਟ੍ਰੇਨਿੰਗਾਂ ਨਾਲ ਸਿਹਤ ਸੇਵਾਵਾਂ ਦੀ ਗੁਣਵੱਤਾ ਵਿੱਚ ਹੋਵੇਗਾ ਵਾਧਾ : ਸਿਵਲ ਸਰਜਨ

ਪਟਿਆਲਾ, 1 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਜਿਲ੍ਹਾ ਸਿਹਤ ਵਿਭਾਗ ਪਟਿਆਲਾ ਅਤੇ ਕੇਨਸੁਪੋਰਟ ਵੱਲੋਂ ਸਾਂਝੇ ਤੌਰ 'ਤੇ ਪੈਲੀਏਟਿਵ ਕੇਅਰ ਬਾਰੇ ਤਿੰਨ ਦਿਨਾਂ ਦੀ ਵਿਸ਼ੇਸ਼ ਟ੍ਰੇਨਿੰਗ ਵਰਕਸ਼ਾਪ ਸਫਲਤਾਪੂਰਵਕ ਆਯੋਜਿਤ ਕੀਤੀ ਜਾ ਰਹੀ ਹੈ। ਇਹ ਟ੍ਰੇਨਿੰਗ ਨਰਸਿੰਗ ਸਕੂਲ ਮਾਤਾ ਕੁਸ਼ੱਲਿਆ ਵਿਖੇ 25 ਤੋਂ 27 ਨਵੰਬਰ ਤੱਕ ਕਰਵਾਈ ਜਾ ਰਹੀ ਹੈ। ਇਸ ਵਿੱਚ ਜਿਲ੍ਹੇ ਦੇ ਮੈਡੀਕਲ ਅਫਸਰਾਂ ਅਤੇ ਸਟਾਫ ਨਰਸਾਂ ਨੇ ਹਿੱਸਾ ਲਿਆ। ਟ੍ਰੇਨਿੰਗ ਦਾ ਮੁੱਖ ਉਦੇਸ਼ ਗੰਭੀਰ ਅਤੇ ਲਾਈਲਾਜ ਬੀਮਾਰੀਆਂ ਨਾਲ ਪੀੜਤ ਮਰੀਜ਼ਾਂ ਦੀ ਸੰਭਾਲ ਬਾਰੇ ਸਿਹਤ ਸਟਾਫ਼ ਨੂੰ ਨਵੀਆਂ ਤਕਨੀਕਾਂ, ਦਰਦ ਪ੍ਰਬੰਧਨ, ਮਨੋਵਿਗਿਆਨਕ ਸਹਾਇਤਾ ਅਤੇ ਸੰਵੇਦਨਸ਼ੀਲ ਸੰਚਾਰ ਦੇ ਹੁਨਰ ਸਿਖਾਉਣਾ ਹੈ। ਕੇਨਸੁਪੋਰਟ ਦੇ ਐਡਵਾਈਜ਼ਰ ਐਨ.ਡੀ.ਪੀ.ਐਸ ਡਾ.ਰਵਿੰਦਰ ਮੋਹਨ ਵੱਲੋਂ ਭਾਗੀਦਾਰਾਂ ਨੂੰ ਘਰੇਲੂ ਪੈਲੀਏਟਿਵ ਸੇਵਾਵਾਂ ਦੇ ਮਹੱਤਵ ਬਾਰੇ ਜਾਣੂ ਕਰਵਾਇਆ ਗਿਆ। ਇਸ ਵਰਕਸ਼ਾਪ ਦੌਰਾਨ ਪ੍ਰੈਕਟੀਕਲ ਸੈਸ਼ਨ ਵੀ ਕਰਵਾਏ ਗਏ ਜਿੱਥੇ ਭਾਗੀਦਾਰਾਂ ਨੇ ਪੈਲੀਏਟਿਵ ਕੇਅਰ ਦੀਆਂ ਤਕਨੀਕਾਂ ਦਾ ਸਿੱਧਾ ਅਨੁਭਵ ਪ੍ਰਾਪਤ ਕੀਤਾ।

ਉਨ੍ਹਾਂ ਨੂੰ ਕੇਸ ਸਟਡੀਜ਼ ਰਾਹੀਂ ਸਮਝਾਇਆ ਗਿਆ ਕਿ ਕਿਵੇਂ ਸੰਵੇਦਨਸ਼ੀਲਤਾ, ਸਮੇਂ ਸਿਰ ਸਹਾਇਤਾ ਅਤੇ ਦਰਦ ਪ੍ਰਬੰਧਨ ਨਾਲ ਮਰੀਜ਼ ਦੀ ਜੀਵਨ ਗੁਣਵੱਤਾ ਨੂੰ ਸੁਧਾਰਿਆ ਜਾ ਸਕਦਾ ਹੈ। ਸਿਵਲ ਸਰਜਨ ਪਟਿਆਲਾ ਡਾ.ਜਸਵਿੰਦਰ ਸਿੰਘ ਨੇ ਕਿਹਾ ਕਿ ਇਸ ਤਰ੍ਹਾਂ ਦੀਆਂ ਟ੍ਰੇਨਿੰਗਾਂ ਨਾਲ ਸਿਹਤ ਸੇਵਾਵਾਂ ਦੀ ਗੁਣਵੱਤਾ ਵਿੱਚ ਵਾਧਾ ਹੋਵੇਗਾ ਅਤੇ ਪੈਲੀਏਟਿਵ ਕੇਅਰ ਸੇਵਾਵਾਂ ਹੋਰ ਵੀ ਸੁਧਰੀਆਂ ਹੋਣਗੀਆਂ। ਇਸ ਮੌਕੇ ਜਿਲ੍ਹਾ ਪਰਿਵਾਰ ਭਲਾਈ ਅਫਸਰ ਡਾ.ਬਲਕਾਰ ਸਿੰਘ, ਡੀ.ਪੀ.ਐਮ ਰਿਤਿਕਾ ਗਰੋਵਰ ਅਤੇ ਮਾਸ ਮੀਡੀਆ ਵਿੰਗ ਦੀ ਟੀਮ ਮੋਜੂਦ ਸਨ।

ਖਰੜ 'ਚ 'ਸੀਸ ਮਾਰਗ ਯਾਤਰਾ' ਦਾ ਖਰੜ ਪਹੁੰਚਣ ਤੇ ਫੁੱਲਾਂ ਦੀ ਵਰਖਾ ਨਾਲ ਖਰੜ

ਖਰੜ, 1 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਅਦੁੱਤੀ ਸ਼ਹਾਦਤ ਨੂੰ ਗੁਰਦੁਆਰਾ ਸੀਸ ਗੰਜ ਸਾਹਿਬ ਚਾਂਦਨੀ ਚੌਕ ਦਿੱਲੀ ਤੋਂ ਆਰੰਭ ਹੋਇਆ 15ਵਾਂ ਵਿਸ਼ਾਲ ਨਗਰ ਕੀਰਤਨ ' ਸੀਸ ਮਾਰਗ ਯਾਤਰਾ' ਦਾ ਖਰੜ ਪਹੁੰਚਣ ਤੇ ਖਰੜ ਪ੍ਰਸ਼ਾਸ਼ਨ ਵਲੋਂ ਐਸ.ਡੀ.ਐਮ.ਤੇ ਤਹਿਸੀਲ ਦਫਤਰ ਖਰੜ ਵਲੋਂ ਫੁੱਲਾਂ ਦੀ ਵਰਖਾ ਨਾਲ ਸਵਾਗਤ ਕੀਤਾ ਗਿਆ। ਭਾਈ ਮਨਜੀਤ ਸਿੰਘ ਜੀ ਵਲੋਂ ਐਸ.ਡੀ.ਐਮ.ਖਰੜ ਦਿਵਿਆ ਪੀ.ਆਈ.ਏ.ਐਸ.,ਤਹਿਸੀਲ ਖਰੜ ਗੁਰਿੰਦਰ ਕੌਰ ਤੇ ਹੋਰ ਅਧਿਕਾਰੀਆਂ ਨੂੰ ਸਿਰੋਪੇ ਅਤੇ ਗੰਗਾ ਨਰਸਰੀ ਵਲੋਂ ਬੂਟਿਆਂ ਦਾ ਪ੍ਰਸਾਦਿ ਦੇ ਕੇ ਸਨਮਾਨਿਤ ਕੀਤਾ ਗਿਆ।

ਇਹ ਸੀਸ ਮਾਰਗ ਯਾਤਰਾ ਗੁਰਦੁਆਰਾ ਸੀਸ ਗੰਜ ਸਾਹਿਬ ਚਾਂਦਨੀ ਚੌਕ ਦਿੱਲੀ ਤੋਂ ਪੰਜ ਪਿਆਰਿਆਂ ਦੀ ਅਗਵਾਈ ਵਿਚ ਆਰੰਭ ਹੋਈ ਸੀ ਜੋ ਬਾਗਪਤ, ਪਾਣੀਪਤ, ਕਰਨਾਲ, ਪਿੱਪਲੀ, ਸ਼ਾਹਬਾਦ, ਤੇਪਲਾ ਰੋਡ ਤੋਂ ਬਨੂੜ, ਟ੍ਰਿਬਿਊਨ ਚੌਕ, ਸੈਕਟਰ 48, ਗੁਰਦੁਆਰਾ ਸਿੰਘ ਸਭਾ ਫੇਜ਼-11, ਗੁਰਦੁਆਰਾ ਅੰਬ ਸਾਹਿਬ ਮੁਹਾਲੀ, ਗੁਰਦਆਰਾ ਸਿੰਘ ਸ਼ਹੀਦਾ ਸੋਹਾਣਾ, ਡੀ.ਸੀ. ਦਫਤਰ ਮਾਰਗ, ਲਾਂਡਰਾਂ ਚੌਕ ਨੂੰ ਹੁੰਦੀ ਹੋਈ ਇੱਥੇ ਪੁੱਜੀ ਹੈ। ਗੁਰਦੁਆਰਾ ਸ੍ਰੀ ਬਿਬਾਣਗੜ੍ਹ ਸਾਹਿਬ ਪਾਤਸ਼ਾਹੀ 9ਵੀਂ ਸ੍ਰੀ ਕੀਤਰਪੁਰ ਸਾਹਿਬ ਵਿਖੇ ਅਰਦਾਸ ਬੇਨਤੀ ਉਪਰੰਤ ਗੁਰਦੁਆਰਾ ਸੀਸ ਗੰਜ ਸਾਹਿਬ ਸ੍ਰੀ ਆਨੰਦਪੁਰ ਸਾਹਿਬ ਵਿਖੇ ਸੰਪਰੂਣਤਾ ਸਮਾਪਤੀ ਹੋਵੇਗੀ। ਇਸ ਮੌਕੇ ਐਸ.ਡੀ.ਐਮ ਦਫਤਰ ਦੇ ਰਣਵਿੰਦਰ ਸਿੰਘ, ਦਲਜੀਤ ਸਿੰਘ, ਸੰਜੀਵ ਕੁਮਾਰ, ਪਰਦੀਪ ਕੁਮਾਰ, ਧਰਮ ਸਿੰਘ, ਆਰ.ਸੀ.ਦਵਿੰਦਰ ਸਿੰਘ, ਤਹਿਸੀਲ ਖਰੜ ਦੇ ਰੀਡਰ ਪੁਸ਼ਪਿੰਦਰ ਸੂਦ, ਸੀਸੂਪਾਲ ਸਿੰਘ,ਗੁਰਮੁੱਖ ਸਿੰਘ ਮਾਨ, ਪੰਕਜ ਚੱਢਾ, ਪ੍ਰਿਤਪਾਲ ਸਿੰਘ ਬਾਸੀ, ਦੀਪਕ ਸ਼ਰਮਾ, ਸੁਸ਼ਾਤ ਕੌਸ਼ਿਕ ਸਮੇਤ ਹੋਰ ਸ਼ਹਿਰ ਨਿਵਾਸੀ ਹਾਜ਼ਰ ਸਨ।

ਘੜੂੰਆਂ ਕਾਨੂੰਗੋਈ ਦੇ 35 ਪਿੰਡਾਂ ਸਮੇਤ ਜਿਲ੍ਹਾ ਮੁਹਾਲੀ ਦਾ ਕੋਈ ਵੀ ਪਿੰਡ ਕਿਸੇ ਦੂਸਰੇ ਜਿਲੇ ਵਿਚ ਨਹੀ ਜਾਵੇਗਾ: ਡਾ. ਚਰਨਜੀਤ ਸਿੰਘ

ਖਰੜ, 1 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਤਹਿਸੀਲ ਖਰੜ ਦੀ ਘੜੂੰਆਂ ਕਾਨੂੰਗੋਈ ਦੇ 35 ਪਿੰਡਾਂ ਸਮੇਤ ਜਿਲ੍ਹਾ ਮੁਹਾਲੀ ਦਾ ਕੋਈ ਵੀ ਪਿੰਡ ਕਿਸੇ ਦੂਸਰੇ ਜਿਲੇ ਵਿਚ ਸ਼ਾਮਲ ਨਹੀ ਹੋਵੇਗਾ ਜਿਸਦੀ ਉਹ ਜਿੰਮੇਵਾਰੀ ਲੈਂਦੇ ਹਨ ਅਤੇ ਸਰਕਾਰ ਦੀ ਪਹਿਲਾਂ ਹੀ ਕੋਈ ਤਜਵੀਜ਼ ਨਹੀ ਸੀ। ਇਹ ਪ੍ਰਗਟਾਵਾ ਬਾਰ ਐਸੋਸੀਏਸ਼ਨ ਖਰੜ ਵਲੋਂ ਘੜੂੰਆਂ ਕਾਨੂੰਗੋਈ ਸਮੇਤ ਜਿਲੇ ਦੇ ਹੋਰ ਪਿੰਡਾਂ ਨੂੰ ਜਿਲ੍ਹਾ ਰੋਪੜ ਨਾਲ ਸ਼ਾਮਲ ਕਰਨ ਦੇ ਰੌਲੇ ਨੂੰ ਲੈ ਕੇ ਲਗਾਏ ਗਏ ਰੋਸ ਧਰਨੇ ਨੂੰ ਸੰਬੋਧਨ ਕਰਦਿਆ ਵਿਧਾਨ ਸਭਾ ਹਲਕਾ ਸ੍ਰੀ ਚਮਕੌਰ ਸਾਹਿਬ ਦੇ ਵਿਧਾਇਕ ਡਾ. ਚਰਨਜੀਤ ਸਿੰਘ ਨੇ ਕੀਤਾ। ਉਨ੍ਹਾਂ ਕਿਹਾ ਕਿ ਉਹ ਪਹਿਲਾਂ ਵੀ ਰੋਸ ਧਰਨੇ ਵਿਚ ਆ ਕੇ ਭਰੋਸਾ ਦੇ ਕੇ ਗਏ ਸਨ ਕਿ ਤੇ ਅੱਜ ਵੀ ਇਹ ਭਰੋਸਾ ਦਿਵਾਉਂਦੇ ਹਾਂ ਕਿ ਤਹਿਸੀਲ ਖਰੜ ਦੀ ਘੜੂੰਆਂ ਕਾਨੂੰਗੋਈ ਦੇ 35 ਪਿੰਡਾਂ ਕਦੇ ਵੀ ਨਹੀ ਪੈਣਗੇ ਅਗਰ ਕੋਈ ਐਸੀ ਤਜਵੀਜ ਹੋਵੇਗੀ ਤਾਂ ਉਹ ਆਪਣੇ ਪਿੰਡਾਂ ਅਤੇ ਤੁਹਾਡੇ ਨਾਲ ਖੜ੍ਹਾਂਗਾ। ਉਨਾਂ ਖਰੜ ਹਲਕੇ ਦੀ ਵੀ ਜਿੰਮੇਵਾਰੀ ਲੈਂਦਿਆ ਕਿਹਾ ਕਿ ਜਿਲ੍ਹਾ ਮੁਹਾਲੀ ਦਾ ਕੋਈ ਵੀ ਪਿੰਡ ਕਿਸੇ ਦੂਸਰੇ ਜਿਲੇ ਵਿਚ ਨਹੀ ਜਾਵੇਗਾ। ਉਨ੍ਹਾਂ ਰਾਜਨੀਤਿਕ ਪਾਰਟੀਆਂ ਦੇ ਆਗੂਆਂ ਦਾ ਬਿਨਾਂ ਨਾਂ ਲਾਏ ਤਿੱਖੇ ਹਮਲੇ ਕਰਦਿਆ ਕਿਹਾ ਕਿ ਇਸ ਰੋਸ ਧਰਨੇ ਵਿਚ ਦੋਗਲੇ ਵੀ ਆਏ ਅਤੇ ਇੱਥੇ ਤੱਕ ਕਹਿ ਗਏ ਕਿ ਜਿਲ੍ਹਾ ਅਸੀ ਨਹੀ ਬਣਨ ਦਿਆਂਗੇ, ਬਾਹਰ ਜਾ ਕੇ ਕਹਿ ਗਏ ਕਿ ਸਾਨੂੰ ਕੋਈ ਇਤਰਾਜ਼ ਨਹੀ। ਉਨ੍ਹਾਂ ਭਰੋਸੇ ਨਾਲ ਕਿਹਾ ਕਿ ਅਸੀ ਜੋ ਗੱਲ ਕਰਦੇ ਉਸ ਤੇ ਖੜ੍ਹਦੇ ਹਾਂ ਕਿਉ ਕਿ ਅੱਗੇ ਲਈ ਵੀ ਸਰਕਾਰ ਨੇ ਬਹੁਤ ਕੁਝ ਦੇਖਣਾ ਹੁੰਦਾ ਹੈ, ਮੁੱਖ ਮੰਤਰੀ ਲੋਕਾਂ ਦੇ ਹਮਦਰਦ ਹਨ, ਅਸੀ ਕਿਸੇ ਤੇ ਜਬਰਦਸਤੀ ਹੁਕਮ ਨਹੀ ਥੋਪਦੇ, ਮੈ ਡਾਕਟਰ ਹਾਂ, ਲੋਕਾਂ ਦੀ ਨਬਜ਼ ਦੇ ਕੇ ਦਵਾਈ ਦਿੰਦੇ ਹਾਂ। ਉਨ੍ਹਾਂ ਕਿਹਾ ਕਿ ਚਾਰ ਸਾਲ ਦੇ ਅੰਦਰ ਜੋ ਸਰਕਾਰ ਨੇ ਫੈਸਲੇ ਲਈ ਅੱਜ ਤੱਕ ਕੋਈ ਪਾਰਟੀ ਇਸ ਤਰ੍ਹਾਂ ਦੇ ਫੈਸਲੇ ਕਰਨ ਦੀ ਹਿੰਮਤ ਨਹੀ ਕਰ ਸਕੀ। ਉਨ੍ਹਾਂ ਕਾਂਗਰਸ ਅਤੇ ਅਕਾਲੀ ਦਲ ਤੇ ਤਿੱਖੇ ਹਮਲੇ ਕਰਦਿਆ ਕਿ ਉਹ ਪੰਜਾਬ ਨੂੰ ਲੁੱਟ ਕੇ ਲੈ ਗਈਆਂ, ਕਿਸੇ ਨੇ ਐਸ ਪ੍ਰਸਤੀ ਲਈ ਸੀਸ ਮਹਿਲ, ਕਿਸੇ ਨੇ ਸੁੱਖ ਬਿਲਾਸ ਅਤੇ ਕਿਸੇ ਨਾਲ ਖਰੜ, ਮੋਰਿੰਡਾ, ਚਮਕੌਰ ਸਾਹਿਬ ਵਿਚ ਮਹਿਲ ਬਣਾ ਲਏ। ਉਨ੍ਹਾਂ ਕਿਹਾ ਕਿ 12 ਘੰਟੇ ਦਿਨ ਵਿਚ ਬਿਜਲੀ ਦੇਣਾ 'ਆਪ'

ਸਾਡਾ ਖੁਆਬ ਮੁੜ ਤੋ ਰੰਗਲਾ ਪੰਜਾਬ : ਮੇਅਰ ਕੁੰਦਨ ਗੋਗੀਆ

ਪਟਿਆਲਾ, 1 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ (ਰਜਿ)ਪਟਿਆਲਾ ਵੱਲੋਂ ÷ਯੁੱਧ ਨਸ਼ਿਆ ਵਿਰੁੱਧ ÷ ਸੰਵਿਧਾਨ ਦਿਵਸ ਨੂੰ ਸਮਰਪਿਤ 30 ਨਵੰਬਰ ਦਿਨ ਐਤਵਾਰ ਸਵੇਰੇ ਪੋਲੋ ਗਰਾਊਂਡ ਤੋ ਸ਼ੁਰੂ ਹੋਕੇ ਵਾਈ ਪੀ ਐਸ ਚੋਕ ਐਨ ਆਈ ਐਸ ਚੋਕ ਤੋਂ ਵਾਪਸੀ ਲੋਅਰ ਮਾਲ ਰੋਡ, ਫੁਆਰਾ ਚੋਂਕ ਤੋਂ ਵਾਪਸੀ ਪੋਲੋ ਗਰਾਊਂਡ ਵਿੱਚ ਸਮਾਪਤੀ ਉਪਰੰਤ ਦਾ ਪੋਸਟਰ ਜਾਰੀ ਕਰਦੇ ਹੋਏ।ਮੇਅਰ ਕੁੰਦਨ ਗੋਗੀਆ ਨੇ ਕਿਹਾ ਯੁੱਧ ਨਸ਼ਿਆ ਵਿਰੁੱਧ, ਸੰਵਿਧਾਨ ਦਿਵਸ ਨੂੰ ਸਮਰਪਿਤ 5 ਕਿਲੋਮੀਟਰ ਦੋੜ ਲਗਵਾਈ ਜਾਰੀ ਹੈ।ਮੈ ਸੁਸਾਇਟੀ ਪ੍ਰਧਾਨ ਉਪਕਾਰ ਸਿੰਘ ਨੂੰ ਵਿਸਵਾਸ਼ ਦੁਆਨਾ ਇਸ ਦੋੜ ਵਿੱਚ ਪਟਿਆਲਾ ਦਾ ਹਰ ਵਰਗ ਭਾਗ ਲਵੇਗਾ।

ਸਾਡੇ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਜੀ ਦਾ ਸੁਪਨਾ ਹੈ।ਸਾਡਾ ਖੁਆਬ ਮੁੜ ਤੋਂ ਰੰਗਲਾ ਪੰਜਾਬ ਨੂੰ ਪੂਰਾ ਕਰਨ ਲਈ ਮੈ ਅਪੀਲ ਕਰਦਾ ਹਾਂ ÷ਯੁੱਧ ਨਸ਼ਿਆ ਵਿਰੁੱਧ, ਸੰਵਿਧਾਨ ਦਿਵਸ ਨੂੰ ਸਮਰਪਿਤ ਦੋੜ ਵਿੱਚ ਭਾਗ ਵਿੱਚ ਲਿਆ ਜਾਵੇ ਇਹ ਦੋੜ ਨਸ਼ਿਆ ਵਿਰੁੱਧ ਜਾਗਰੂਕਤਾ ਨਸ਼ਾ ਮੁਕਤ ਪੰਜਾਬ ਲਈ ਦੋੜੋ ,ਪਾਣੀ ਬਚਾਓ ਜੀਵਨ ਬਚਾਓ, ਲਿੰਗ ਸਮਾਨਤਾ,ਔਰਤਾ ਵਿਰੁੱਧ ਹਿੰਸਾ ਬੰਦ ਕਰੋ,ਸ਼ਾਂਤੀ ਅਤੇ ਏਕਤਾ,ਪਰਾਲੀ ਨਾਂ ਜਲਾਓ,ਵਾਤਾਵਰਨ ਬਚਾਓ, ÷ਹਰ ਮਨੁੱਖ ਲਾਵੇ ਦੋ ਰੁੱਖ ÷ ਲਹਿਰ ਨਾ ਲ ਜੁੜੋ ,ਸਵੱਛਤਾ ਲਈ ਦੋੜੋ ਮੇਰੇ ਵੱਲੋ ਗਿਆਨ ਜਯੋਤੀ ਐਜੂਕੇਸ਼ਨ ਸੁਸਾਇਟੀ ਦੀ ਤਨੋ ਮਨੋ ਨਾਲ ਖੜਾ ਹਾਂ ਮੈ ਇਸ ਸੁਸਾਇਟੀ ਤੇ ਉਪਕਾਰ ਸਿੰਘ ਦੀ ਜਿਨੀ ਪ੍ਰਸ਼ੰਸਾ ਕਰਾ ਘੱਟ ਹੈ।ਪੰਜਾਬ ਵਿੱਚ ਇਸ ਤਰਾਂ ਦੇ ਉਪਰਾਲੇ ਹੋਂਦੇ ਰਹਿਣਗੇ ਤਾ ਰੰਗਲਾ ਪੰਜਾਬ ਬਣੇਗਾ।ਇਸ ਮੋਕੇ ਨੈਸ਼ਨਲ ਅਵਾਰਡੀ ਜਤਵਿੰਦਰ ਗਰੇਵਾਲ ਨੇ ਨਸ਼ਿਆ ਨੂੰ ਦੂਰ ਕਰਨ ਲਈ ਨੋਜਵਾਨਾ ਨੂੰ ਅਪੀਲ ਕਰਦਾ ਹਾ ਖੇਡਾ ਨਾਲ ਜੁੜੋ।ਸਟੇਟ ਐਵਾਰਡੀ ਪਰਮਿੰਦਰ ਭਲਵਾਨ ਸਹੀਦੇ-ਆਜਮ ਭਗਤ ਸਿੰਘ ਪ੍ਰਧਾਨ ਨੇ ਕਿਹਾ ਨਸ਼ਾ ਕਰਨ ਵਾਲੇ 4 ਘਰਾ ਨੂੰ ਰੋਲਦਾ ਹੈ। ਨੋਜਵਾਨ ਪੜ੍ਹਾਈ ਤੇ ਖੇਡਾ ਵਲ ਧਿਆਨ ਰੱਖਣ।

ਖੇਤੀਬਾੜੀ ਵਿਭਾਗ ਵੱਲੋਂ ਪਿੰਡ ਲਲੌਛੀ 'ਚ ਹਾੜੀ ਦੀਆਂ ਫਸਲਾਂ ਦਾ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ

ਪਟਿਆਲਾ, 1 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ ਪਟਿਆਲਾ ਨੇ ਅੱਜ ਸ਼ਹੀਦ ਊਧਮ ਸਿੰਘ ਕਮਿਊਨਟੀ ਹਾਲ, ਪਿੰਡ ਲਲੌਛੀ ਵਿਖੇ ਹਾੜੀ ਦੀਆਂ ਫ਼ਸਲਾਂ ਸਬੰਧੀ ਜ਼ਿਲ੍ਹਾ ਪੱਧਰੀ ਕਿਸਾਨ ਸਿਖਲਾਈ ਕੈਂਪ ਲਗਾਇਆ। ਕੈਂਪ ਦੌਰਾਨ ਮਾਰਕੀਟ ਕਮੇਟੀ ਸਮਾਣਾ ਦੇ ਚੇਅਰਮੈਨ ਬਲਕਾਰ ਸਿੰਘ ਗੱਜੂਮਾਜਰਾ ਅਤੇ ਹਰਜਿੰਦਰ ਸਿੰਘ ਜੰੜਾਮਾਜਰਾ ਦੀ ਹਾਜਰੀ ਵਿਚ ਮੁੱਖ ਖੇਤੀਬਾੜੀ ਅਫ਼ਸਰ ਵੱਲੋਂ ਪਰਾਲੀ ਨੂੰ ਅੱਗ ਨਾ ਲਗਾਉਣ ਵਾਲੇ 30 ਕਿਸਾਨਾਂ ਨੂੰ ਸਨਮਾਨਿਤ ਕੀਤਾ ਗਿਆ।

ਇਸ ਕੈਂਪ ਵਿਚ ਮੁੱਖ ਖੇਤੀਬਾੜੀ ਅਫਸਰ ਡਾ. ਜਸਵਿੰਦਰ ਸਿੰਘ ਨੇ ਵੱਖ-ਵੱਖ ਬਲਾਕਾਂ ਦੇ ਹਾਜਰ ਕਿਸਾਨਾਂ ਨੂੰ ਖੇਤੀਬਾੜੀ ਮਾਹਿਰਾਂ ਦੀ ਰਾਏ ਅਨੁਸਾਰ ਫਸਲਾਂ ਦੀ ਦੇਖ-ਰੇਖ ਕਰਨ ਦੀ ਅਪੀਲ ਕੀਤੀ ਅਤੇ ਫਸਲੀ ਵਿਭਿੰਨਤਾ ਹੇਠ ਰਕਬਾ ਵਧਾਉਣ ਲਈ ਕਿਸਾਨਾਂ ਨੂੰ ਪ੍ਰੇਰਿਆ ਤਾਂ ਜੋ ਖੇਤੀ ਆਮਦਨ ਵਿਚ ਵਾਧਾ ਹੋ ਸਕੇ। ਉਨ੍ਹਾਂ ਕਿਹਾ ਕਿ ਇਹ ਕੈਂਪ ਖੇਤੀਬਾੜੀ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਦੇ ਦਿਸ਼ਾ ਨਿਰਦੇਸ਼ਾਂ ਅਤੇ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਦੀ ਅਗਵਾਈ ਹੇਠ ਲਗਾਇਆ ਗਿਆ ਹੈ। ਕੈਂਪ ਦੌਰਾਨ ਮੁੱਖ ਖੇਤੀਬਾੜੀ ਅਫ਼ਸਰ ਨੇ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਆਉਣ ਵਾਲੇ ਸਾਲਾਂ ਵਿਚ ਵੀ ਜ਼ਿਲ੍ਹਾ ਪ੍ਰਸ਼ਾਸ਼ਨ ਨੂੰ ਸਹਿਯੋਗ ਦੇਣ ਲਈ ਅਪੀਲ ਕੀਤੀ ਅਤੇ ਦੱਸਿਆ ਕਿ ਪਿਛਲੇ ਸਾਲਾਂ ਦੇ ਮੁਕਾਬਲੇ ਜ਼ਿਲ੍ਹੇ ਵਿਚ ਅੱਗ ਲੱਗਣ ਦੀਆਂ ਘਟਨਾਵਾਂ ਲਗਾਤਾਰ ਘਟ ਰਹੀਆਂ ਹਨ ਅਤੇ ਆਉਣ ਵਾਲੇ ਸਾਲਾਂ ਵਿਚ ਵੱਧ ਤੋਂ ਵੱਧ ਪਰਾਲੀ ਪ੍ਰਬੰਧਨ ਸਬੰਧੀ ਖੇਤੀ ਮਸ਼ੀਨਰੀ ਕੋਆਪ੍ਰੇਟਿਵ ਸੋਸਾਇਟੀਆਂ, ਗਰੁੱਪਾਂ, ਐਫ.ਪੀ.ਓ. ਅਤੇ ਵਿਅਕਤੀਗਤ ਕਿਸਾਨਾਂ ਰਾਹੀਂ ਉਪਲੱਭਧ ਕਰਵਾਉਣ ਲਈ ਹੋਰ ਵਧੀਆ ਉਪਰਾਲੇ ਕੀਤੇ ਜਾਣਗੇ।

ਇਸ ਕੈਂਪ ਜ਼ਿਲ੍ਹਾ ਸਿਖਲਾਈ ਅਫ਼ਸਰ ਪਟਿਆਲਾ ਡਾ. ਵਿਨੈ ਕੁਮਾਰ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਵਿਭਾਗ ਵੱਲੋਂ ਪਿੰਡ ਪੱਧਰੀ, ਬਲਾਕ ਪੱਧਰੀ ਅਤੇ ਜ਼ਿਲ੍ਹਾ ਪੱਧਰੀ ਕੈਂਪਾਂ ਵਿਚ ਭਾਗ ਲੈ ਕੇ ਨਵੀਨਤਮ ਖੇਤੀ ਸਬੰਧੀ ਜਾਣਕਾਰੀ ਪ੍ਰਾਪਤ ਕਰਨ।ਇਸ ਕੈਂਪ ਵਿੱਚ ਖੇਤੀਬਾੜੀ ਵਿਭਾਗ, ਪਸ਼ੂ ਪਾਲਣਵਿਭਾਗ, ਡੇਅਰੀ ਵਿਭਾਗ, ਮੱਛੀ ਪਾਲਣ ਵਿਭਾਗ, ਬਾਗਬਾਨੀ ਵਿਭਾਗ ਅਤੇ ਭੂਮੀ ਅਤੇ ਜਲ ਸੰਭਾਲ ਵਿਭਾਗ, ਪ੍ਰਾਈਵੇਟ ਕੰਪਨੀਆਂ ਅਤੇ ਅਗਾਂਹਵਧੂ ਕਿਸਾਨਾਂ ਨੇ ਆਪਣੇ ਕੰਮ ਨਾਲ ਸਬੰਧਿਤ ਪ੍ਰਦਰਸ਼ਨੀ ਲਗਾਈ ਜਿਸ ਦਾ ਹਾਜਰ ਕਿਸਾਨਾਂ ਨੇ ਲਾਹਾ ਲਿਆ।

ਕੈਂਪ ਦੌਰਾਨ ਕਿਸਾਨਾਂ ਨੂੰ ਹਾੜੀ ਦੀਆਂ ਫਸਲਾਂ, ਫਸਲੀ ਵਿਭਿੰਨਤਾ, ਫਸਲਾਂ ਦੀ ਰਹਿੰਦ ਖੂੰਹਦ ਦੀ ਸੁੱਚਜੀ ਵਰਤੋ ਕਰਨ ਸਬੰਧੀ ਕੇ.ਵੀ.ਕੇ. ਰੌਣੀ ਅਤੇ ਫਾਰਮਰ ਸਲਾਹਕਾਰ ਕੇਂਦਰ ਦੇ ਸਾਇੰਸਦਾਨ ਡਾ.ਗੁਰਪ੍ਰੀਤ ਕੌਰ, ਡਾ. ਰਚਨਾ ਸਿੰਗਲਾ, ਡਾ. ਰਜਨੀ ਗੋਇਲ ਅਤੇ ਡਾ. ਗੁਰਪ੍ਰੀਤ ਸਿੰਘ ਨੇ ਤਕਨੀਕੀ ਜਾਣਕਾਰੀ ਦਿੱਤੀ। ਇਸ ਕੈਂਪ ਵਿਚ ਲਗਭਗ 1000 ਕਿਸਾਨਾਂਵੱਲੋਂ ਭਾਗ ਲਿਆ ਗਿਆ।

ਕੇਂਦਰ ਸਰਕਾਰ ਦੀਆਂ ਸਕੀਮਾਂ ਦਾ ਪੰਜਾਬ ਦੇ ਲੋਕਾਂ ਨੂੰ ਪੁੱਜ ਰਿਹਾ ਹੈ ਫਾਇਦਾ : ਗੋਗੀ ਟਿਵਾਣਾ

ਪਟਿਆਲਾ, 1 ਦਸੰਬਰ
- ਅਮਰਜੀਤ ਸਿੰਘ-
-ਕੌਮੀ ਪੱਤ੍ਰਿਕਾ ਬਿਊਰੋ-

ਦੇਸ਼ ਅੰਦਰ ਜਿਸ ਦਿਨ ਤੋਂ ਭਾਜਪਾ ਦੀ ਸਰਕਾਰ ਨੇ ਸੱਤਾ ਸੰਭਾਲੀ ਹੈ ਉਸ ਦਿਨ ਤੋਂ ਸਮੁੱਚੇ ਸਟੇਟਾਂ ਦੇ ਲੋਕਾਂ ਨੂੰ ਲਾਹੇਵੰਦ ਸਕੀਮਾਂ ਨਾਲ ਜ਼ੋੜ ਕੇ ਵਿੱਤੀ ਲਾਭ ਪਹੁੰਚਾਇਆ ਜਾ ਰਿਹਾ ਹੈ, ਜ਼ੋ ਕਿ ਕੇਂਦਰ ਸਰਕਾਰ ਦਾ ਵੱਡਾ ਸਲਾਘਾਯੋਗ ਕਦਮ ਹੈ। ਇਨਾਂ ਵਿਚਾਰਾਂ ਦਾ ਪ੍ਰਗਟਾਵਾ ਭਾਜਪਾ ਵਣ ਮੰਡਲ ਭਾਦਸੋਂ ਦੇ ਪ੍ਰਧਾਨ ਤੇਜਪਾਲ ਸਿੰਘ ਗੋਗੀ ਟਿਵਾਣਾ ਨੇ ਪਟਿਆਲਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਕੇਂਦਰ ਸਰਕਾਰ ਦੀਆਂ ਸੈਂਕੜੇ ਹੀ ਸਕੀਮਾਂ ਹਨ ਜਿਨਾਂ ਦਾ ਲਾਭ ਕਿਸਾਨਾਂ ਅਤੇ ਆਮ ਲੋਕਾਂ ਨੂੰ ਮਿਲ ਰਿਹਾ ਹੈ ਜਿਹੜੀਆਂ ਪਾਰਟੀਆਂ ਆਪਣੀ ਰਾਜਸੀ ਰੋਟੀਆਂ ਸੇਕਣ ਲਈ ਕੇਂਦਰ ਸਰਕਾਰ ਦੀ ਨਿੰਦਾ ਕਰਦੀਆਂ ਰਹਿੰਦੀਆਂ ਹਨ ਉਹ ਅਤੀ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ 2027 ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਅਲੱਗ ਤੋਂ ਆਪਣੀ ਸਰਕਾਰ ਬਣਾਵੇਗੀ ਕਿਉਂਕਿ ਪੰਜਾਬ ਦੇ ਲੋਕਾਂ ਨੇ ਹੋਰਨਾਂ ਪਾਰਟੀਆਂ ਦੀ ਕਾਰਗੁਜਾਰੀ ਦੇਖ ਲਈ ਹੈ। ਲਿਹਾਜਾ ਭਵਿੱਖ ਵਿੱਚ ਸੂਬੇ ਅੰਦਰ ਭਾਜਪਾ ਦੀ ਸਰਕਾਰ ਬਣ ਉਪਰੰਤ ਸੂਬੇ ਅੰਦਰੋਂ ਬੇਰੁਜਗਾਰੀ ਖਤਮ ਕਰਨ ਦੇ ਨਾਲ ਨਾਲ ਅਤੇ ਸੂਬੇ ਸਿਰ ਚੜ੍ਹੇ ਹੋਏ ਅਰਬਾਂ ਰੁਪਏ ਦੇ ਕਰਜੇ ਨੂੰ ਉਤਾਰਿਆ ਜਾਵੇਗਾ ਤਾਂ ਜੋ ਕਰਜੇ ? ਦਾ ਭਾਰ ਹਰ ਵਿਅਕਤੀ ਦੇ ਸਿਰ ਤੋਂ ਉਤਾਰਿਆ ਜਾ ਸਕੇ। ਉਨ੍ਹਾਂ ਕਿਹਾ ਕਿ ਚੋਣਾਂ ਤੋਂ ਪਹਿਲਾ ਭਾਜਪਾ ਨੂੰ ਮਜਬੂਤ ਕਰਨ ਲਈ ਮੀਟਿੰਗਾਂ ਦਾ ਸਿਲਸਿਲਾ ਤੇਜ਼ ਕੀਤਾ ਜਾਵੇਗਾ ਤਾਂ ਜੋ ਬੂਥ ਪੱਧਰ ਤੇ ਭਾਜਪਾ ਦਾ ਸੰਗਠਨ ਕਾਇਮ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜ਼ਵਾਨ ਵਰਗ ਨੂੰ ਕੇਂਦਰ ਸਰਕਾਰ ਦੇ ਵਿਭਾਗਾਂ ਅੰਦਰ ਕੱਢੀਆਂ ਨੌਕਰੀਆਂ ਤੇ ਅਪਲਾਈ ਕਰਨਾ ਚਾਹੀਦਾ ਹੈ ਤਾਂ ਜੋ ਕੇਂਦਰ ਸਰਕਾਰ ਦੇ ਵਿਭਾਗਾਂ ਵਿੱਚ ਵੀ ਨੌਕਰੀਆਂ ਮਿਲ ਸਕਣ। ਉਨ੍ਹਾਂ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਸਰਕਾਰ ਨੇ ਭਾਰਤ ਦਾ ਲੋਹਾ ਹੋਰਨਾਂ ਦੇਸ਼ਾਂ ਵਿੱਚ ਮੰਨਵਾਇਆ ਹੈ ਤਾਂ ਹੀ ਅੱਜ ਵੱਖ ਵੱਖ ਦੇਸ਼ ਭਾਰਤ ਦੀ ਸ਼ਲਾਘਾ ਕਰਦੇ ਹਨ। ਗੋਗੀ ਟਿਵਾਣਾ ਨੇ ਕਿਹਾ ਕਿ ਪੰਜਾਬ ਅੰਦਰ ਆਪ ਸਰਕਾਰ ਫੇਲ ਸਾਬਿਤ ਹੋ ਰਹੀ ਹੈ ਕਿਉਂਕਿ ਪੰਜਾਬ ਦੇ ਮੁੱਖ ਮੰਤਰੀ ਨੇ ਜ਼ੋ ਚੋਣ ਮੈਨੀਫੈਸਟੋ ਵਿੱਚ ਵਾਧੇ ਕੀਤੇ ਸਨ ਉਨ੍ਹਾਂ ਵਿੱਚੋਂ ਕੋਈ ਵੀ ਵਾਧਾ ਪੂਰਾ ਨਹੀਂ ਕੀਤਾ ਤਾਂ ਹੀ ਅੱਜ ਪੰਜਾਬ ਦੇ ਲੋਕੀ ਸੂਬਾ ਸਰਕਾਰੀ ਦੀ ਕਾਰਜਸੈਲੀ ਤੇ ਸਵਾਲ ਖੜੇ ਕਰ ਰਹੇ ਹਨ। ਕਿਉਂਕਿ ਕਾਂਗਰਸ ਦੇ ਰਾਜ ਤੋਂ ਬਾਦ ਪੰਜਾਬ ਦੇ ਲੋਕਾਂ ਨੂੰ ਆਪ ਪਾਰਟੀ ਤੋਂ ਕਾਫੀ ਉਮੀਦਾਂ ਸਨ ਪਰ ਕਾਂਗਰਸ ਵਾਂਗ ਆਮ ਆਦਮੀ ਪਾਰਟੀ ਵੀ ਬੁਰੀ ਤਰ੍ਹਾਂ ਫੇਲ ਸਾਬਤ ਹੋ ਰਹੀ ਹੈ।

ਖੂਨਦਾਨ ਸੇਵਾ 'ਚ ਮਿਸ਼ਨ ਲਾਲੀ ਤੇ ਹਰਿਆਲੀ ਗਰੁੱਪ ਦਾ ਵੱਡਮੁੱਲਾ ਯੋਗਦਾਨ: ਮਾਨ, ਗੋਗੀਆ, ਮਹਿਤਾ

ਪਟਿਆਲਾ, 1 ਦਸੰਬਰ
-ਅਮਰਜੀਤ ਸਿੰਘ-
-ਕੌਮੀ ਪੱਤ੍ਰਿਕਾ ਬਿਊਰੋ-

ਖੂਨਦਾਨ ਸੇਵਾ ਵਿਚ ਸਰਗਰਮ ਸੰਸਥਾਵਾਂ ਨੂੰ ਮਨੁੱਖਤਾ ਬਚਾਉਣ ਲਈ ਕੀਤੇ ਜਾ ਰਹੇ ਯਤਨਾਂ ਬਦਲੇ ਉਨ੍ਹਾਂ ਨੂੰ ਮਰੀਜ਼ ਮਿੱਤਰਾ ਵੈਲਫੇਅਰ ਆਰਗੇਨਾਈਜ਼ੇਸ਼ਨ ਵੱਲੋਂ ਗੁਰਮੁੱਖ ਗੁਰੂ ਦੀ ਅਗਵਾਈ ਹੇਠ ਪਟਿਆਲਾ ਵਿਖੇ ਸਨਮਾਨਤ ਕੀਤਾ ਗਿਆ। ਇਸ ਮੌਕੇ ਖੂਨਦਾਨ ਸੇਵਾ ਵਿਚ ਮੋਹਰੀ ਭੂਮਿਕਾ ਨਿਭਾਉਣ ਵਾਲੇ ਮਿਸ਼ਨ ਲਾਲੀ ਤੇ ਹਰਿਆਲੀ ਗਰੁੱਪ ਨੂੰ ਸਨਮਾਨਤ ਕਰਦਿਆਂ ਹਲਕਾ ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ, ਨਗਰ ਨਿਗਮ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਤੇ ਜਿਲ੍ਹਾ ਯੋਜਨਾ ਬੋਰਡ ਪਟਿਆਲਾ ਦੇ ਚੇਅਰਮੈਨ ਤੇਜਿੰਦਰ ਮਹਿਤਾ ਨੇ ਸਾਂਝੇ ਰੂਪ ਵਿਚ ਕਿਹਾ ਕਿ ਖੂਨਦਾਨ ਸੇਵਾ 'ਚ ਗਰੁੱਪ ਦਾ ਵੱਡਮੁੱਲਾ ਯੋਗਦਾਨ ਹੈ। ਪਿਛਲੇ 20 ਸਾਲਾਂ ਤੋਂ ਸੇਵਾ ਨਾਲ ਜੁੜੇ ਰਹਿਣਾ ਅਤੇ ਪਿਛਲੇ 13 ਸਾਲਾਂ ਤੋਂ ਲਗਾਤਾਰ ਹਰ ਮਹੀਨੇ 5 ਅਤੇ 20 ਤਰੀਕ ਨੂੰ ਸਰਕਾਰੀ ਰਜਿੰਦਰਾ ਹਸਪਤਾਲ ਦੇ ਬਲੱਡ ਸੈਂਟਰ ਵਿਚ ਖੂਨਦਾਨ ਕੈਂਪ ਲਗਾ ਕੇ ਮੋਹਰੀ ਭੂਮਿਕਾ ਨਿਭਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮਿਸ਼ਨ ਲਾਲੀ ਤੇ ਹਰਿਆਲੀ ਦੇ ਮੋਢੀ ਅਤੇ ਮਾਸਟਰ ਮੋਟੀਵੇਟਰ ਹਰਦੀਪ ਸਿੰਘ ਸਨੌਰ ਤੇ ਸਾਥੀ ਗੋਲਡਨ ਸਟਾਰ ਬਲੱਡ ਡੋਨਰ ਸੁਖਦੀਪ ਸਿੰਘ ਸੋਹਲ, ਸਿੱਖਿਆ ਸਾਸ਼ਤਰੀ ਅਨਿਲ ਭਾਰਤੀ, ਭਾਈ ਰਵਿੰਦਰ ਸਿੰਘ ਭਾਂਖਰ, ਲੋਕ ਗਾਇਕ ਲੱਕੀ ਸਿੰਘ, ਠੇਕੇਦਾਰ ਗੁਰਬਚਨ ਸਿੰਘ ਪਟਿਆਲਾ, ਚਾਚਾ ਜੁਗਰਾਜ ਸਿੰਘ ਚਹਿਲ, ਤੇਜਿੰਦਰ ਸਿੰਘ ਮੰਡੌਰ, ਕਿਰਪਾਲ ਸਿੰਘ ਪੰਜੌਲਾ, ਪ੍ਰੇਮ ਸਿੰਘ ਖਾਲਸਾ, ਹਰਮਨਦੀਪ ਸਿੰਘ ਸਨੌਰ ਤੇ ਹੋਰ ਸਾਰੇ ਖੂਨਦਾਨ ਕੈਂਪ ਪ੍ਰਬੰਧਕ, ਖੂਨਦਾਨੀ ਤੇ ਸਹਿਯੋਗੀ ਵਧਾਈ ਦੇ ਪਾਤਰ ਹਨ, ਜਿਨ੍ਹਾਂ ਸਦਕਾ ਲੋੜਵੰਦ ਮਰੀਜ਼ਾਂ ਦੀ ਜਾਨ ਬਚਾਉਣ ਵਿਚ ਮਦਦ ਹੋ ਰਹੀ ਹੈ। ਸਨਮਾਨ ਪ੍ਰਾਪਤ ਕਰਨ ਤੋਂ ਬਾਅਦ ਗੱਲਬਾਤ ਕਰਦਿਆਂ ਹਰਦੀਪ ਸਨੌਰ ਨੇ ਕਿਹਾ ਕਿ ਪਟਿਆਲਾ ਅੰਦਰ ਗੁਰਮੁੱਖ ਗੁਰੂ ਪਲੇਟਲੈੱਟ ਸੈੱਲ ਤੇ ਐਮਰਜੈਂਸੀ ਖੂਨ ਮੁਹੱਈਆ ਕਰਵਾਉਣ ਵਿਚ ਸਰਗਰਮ ਹਨ। ਖੂਨਦਾਨੀ ਨੂੰ ਬਲੱਡ ਬੈਂਕ ਬੁਲਾਉਣ ਦਾ ਕੋਈ ਖਰਚਾ ਜਾਂ ਫੀਸ ਨਹੀਂ ਲੱਗਦੀ। ਜੇਕਰ ਕੋਈ ਝੋਲਾ-ਚੁੱਕ ਕਿਸਮ ਦੇ ਵਿਅਕਤੀ ਆਪਣੇ ਆਪ ਨੂੰ ਸੰਸਥਾ ਦਾ ਪ੍ਰਧਾਨ ਦੱਸ ਕੇ ਐਮਰਜੈਂਸੀ ਵਿਚ ਖੂਨ ਜਾਂ ਪਲੇਟਲੈੱਟ ਸੈੱਲ ਦੇਣ ਲਈ ਡੋਨਰ ਨੂੰ ਬਲੱਡ ਬੈਂਕ ਬੁਲਾਉਣ ਦੀ ਗੱਲ ਕਰਕੇ 'ਡੋਨਰ ਕਾ ਖਰਚਾ ਲਗਾ' ਆਖ ਕੇ ਮਰੀਜ਼ ਦੇ ਵਾਰਸਾਂ ਤੋਂ ਪੈਸੇ ਮੰਗੇ ਤਾਂ ਇਸ ਸੰਬੰਧੀ ਤੁਰੰਤ ਪੁਲਸ ਨੂੰ, ਬਲੱਡ ਬੈਂਕ ਇੰਚਾਰਜ ਜਾਂ ਸਿਹਤ ਵਿਭਾਗ ਦੇ ਉਚ ਅਧਿਕਾਰੀਆਂ ਨੂੰ ਇਤਲਾਹ ਦਿਓ ਤਾਂ ਜੋ ਸੇਵਾ ਦੇ ਨਾਮ 'ਤੇ ਪੈਸੇ ਬਟੋਰਨ ਵਾਲੇ ਠੱਗਾਂ ਦਾ ਪਰਦਾਫਾਸ਼ ਕੀਤਾ ਜਾ ਸਕੇ।

ਦੂਜੇ ਦਿਨ ਕੁਸ਼ਤੀ ਦੇ ਹੋਏ ਫਸਵੇਂ ਮੁਕਾਬਲੇ

ਪਟਿਆਲਾ, 1 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਸਿੱਖਿਆ ਮੰਤਰੀ ਸ੍ਰ. ਹਰਜੋਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾਂ ਹੇਠ ਅਤੇ ਜ਼ਿਲ੍ਹਾ ਸਿੱਖਿਆ ਅਫਸਰ (ਐਲੀ. ਸਿੱ.) ਪਟਿਆਲਾ ਸ਼ਾਲੂ ਮਹਿਰਾ ਦੀ ਅਗਵਾਈ ਹੇਠ ਪਟਿਆਲਾ ਦੇ ਰਾਜਾ ਭਲਿੰਦਰ ਸਿੰਘ ਸਪੋਰਟਸ ਕੰਪਲੈਕਸ ਪੋਲੋ ਗ੍ਰਾਊਂਡ ਵਿਖੇ ਚੱਲ ਰਹੀਆਂ 45ਵੀਆਂ ਪੰਜਾਬ ਰਾਜ ਅੰਤਰ ਜ਼ਿਲ੍ਹਾ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਦੇ ਦੂਜੇ ਦਿਨ ਕੇਸਰ ਸਿੰਘ ਅਖਾੜਾ ਵਿਖੇ ਕੁਸ਼ਤੀਆਂ ਦੇ ਫਸਵੇਂ ਮੁਕਾਬਲੇ ਹੋਏ। ਇਨਾ ਮੁਕਾਬਲਿਆਂ ਦੀ ਸ਼ੁਰੂਆਤ ਉਪ ਜ਼ਿਲ੍ਹਾ ਸਿੱਖਿਆ ਅਫਸਰ (ਐਲੀ. ਸਿੱ.) ਮਨਵਿੰਦਰ ਕੌਰ ਭੁੱਲਰ, ਬੀਪੀਈਓ ਜਗਜੀਤ ਸਿੰਘ ਨੌਹਰਾ, ਬੀਪੀਈਓ ਭਰਤ ਭੂਸ਼ਣ, ਬੀਪੀਈਓ ਪ੍ਰੇਮ ਕੁਮਾਰ ਅਤੇ ਬੀਪੀਈਓ ਹਰਬੰਸ ਸਿੰਘ ਨੇ ਕਰਵਾਈ।

ਇਸ ਮੌਕੇ ਖਿ

ਪਾਠਕਾਂ ਦੀ ਕਲਮ ਤੋਂ

'ਭਰੂਣ ਹੱਤਿਆ ਅਤੇ ਦਾਜ ਵਰਗੀ ਲਾਹਨਤ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਹਰ ਇੱਕ ਨਾਗਰਿਕ ਦਾ ਪੜ੍ਹਿਆ ਲਿਖਿਆ ਹੋਣਾ ਜ਼ਰੂਰੀ'

ਲੇਖਕ ਤੇਜੀ ਢਿੱਲੋ
ਬੁਢਲਾਡਾ ਜ਼ਿਲ੍ਹਾ ਮਾਨਸਾ
ਸਪੰਰਕ 99156-45003

ਸਮਾਜ ਵਿੱਚ ਚੱਲ ਰਹੀ ਦਾਜ - ਦਹੇਜ ਦੀ ਪ੍ਰਥਾ, ਭਰੂਣ ਹੱਤਿਆ ਅਤੇ ਅਨਪੜਤਾ ਨੂੰ ਖਤਮ ਕਰਨਾ ਸਮੇ ਦੀ ਮੁੱਖ ਲੋੜ ਬਣ ਗਿਆ ਹੈ, ਕਿਉਂਕਿ ਇਹਨਾ ਤਿੰਨਾ ਜਾਨਿਕਿ ਦਾਜ - ਦਹੇਜ, ਭਰੂਣ ਹੱਤਿਆ ਅਤੇ ਅਨਪੜਤਾ ਕਰਕੇ ਹੀ ਸਮਾਜ ਹੋਰ ਪਾਸੇ ਨੂੰ ਤੁਰਿਆ ਜਾ ਰਿਹਾ ਹੈ, ਸਭ ਤੋ ਪਹਿਲਾ ਦੇਸ਼ ਅੰਦਰ ਹਰ ਇੱਕ ਨਾਗਰਿਕ ਨੂੰ ਪੜਾਉਣਾ ਲਾਜਮੀ ਹੈ, ਕਿਉਂਕਿ ਅਨਪੜਤਾ ਹੀ ਇਹਨਾਂ ਦੀ ਸਭ ਤੋ ਵੱਡੀ ਕਮਜੋਰੀ ਹੈ, ਫਿਰ ਦਾਜ - ਦਹੇਜ ਜਾਂ ਭਰੂਣ ਹੱਤਿਆ ਹੋਵੇ, ਇਸ ਦੀ ਮੁੱਢਲੀ ਜੜ੍ਹ ਅਨਪੜਤਾ ਹੈ, ਕਿਉਂਕਿ ਅਨਪੜ ਨਾਗਰਿਕ ਇੱਕ ਬੱਚੇ ਦੀ ਤਰਾ ਬਣ ਜਾਦਾ ਹੈ ਉਹ ਸਹੀ ਗਲਤ ਦੀ ਪਹਿਚਾਣ ਨਹੀ ਕਰ ਸਕਦਾ, ਉਹ ਸਿਰਫ ਸਲਾਹ ਮਸਵਰੇ ਨਾਲ ਚਲਦਾ ਹੈ, ਜੋ ਸਲਾਹ ਦਿੰਦੇ ਹਨ ਜਾਂ ਜਿਹਨਾ ਤੋ ਸਲਾਹ ਲੈ ਕੇ ਉਹ ਕੋਈ ਵੀ ਕੰਮ ਕਰਦਾ ਹੈ ਉਹ ਵੀ ਬਿਲਕੁਲ ਅਨਪੜ ਹੁੰਦੇ ਹਨ, ਜਿਸ ਦਾ ਅਸਰ ਅਗਲੀਆ ਪੀੜੀਆ ਤੇ ਪੈ ਜਾਂਦਾ ਹੈ, ਇਸ ਲਈ ਚੰਗਾ ਸਮਾਜ ਸਿਰਜਣ ਲਈ ਹਰ ਨਾਗਰਿਕ ਨੂੰ ਜਾਗੂਰਿਤ ਕਰਨਾ ਪੈਦਾ ਹੈ, ਕਿਉਂਕਿ ਇੱਕ ਪੜ੍ਹਿਆ ਲਿਖਿਆ ਨਾਗਰਿਕ ਹੀ ਕਿਸੇ ਦੇ ਸਮਝਾਇਆ ਸਮਝ ਸਕਦਾ ਹੈ, ਜੇਕਰ ਕਿਸੇ ਵੀ ਦੇਸ ਦੇ ਸਾਰੇ ਨਾਗਰਿਕ ਪੜੇ ਲਿਖੇ ਹੋਣ ਉਥੇ ਭਰੂਣ ਹੱਤਿਆ ਅਤੇ ਦਾਜ - ਦਹੇਜ ਵਰਗੀਆ ਲਾਹਨਤਾ ਘੱਟ ਹੀ ਜਨਮ ਲੈਦੀਆ ਹਨ, ਪੜੇ ਲਿਖੇ ਨਾਗਰਿਕ ਇੱਕ ਦੂਜੇ ਦੀ ਭਾਵਨਾਵਾ ਨੂੰ ਸਮਝਦੇ ਹੋਏ ਇਹੋ ਜਿਹੇ ਕਦਮ ਚੁੱਕਣ ਤੋ ਪਹਿਲਾ ਬਹੁਤ ਵਾਰ ਸੋਚਦੇ ਹਨ।

ਅਨਪੜਤਾ ਦੇ ਖਤਮ ਹੋਣ ਤੋ ਬਾਅਦ ਹੀ ਸਮਾਜ ਦੇ ਕਲੱਬ ਜੋ ਲੋਕ ਭਲਾਈ ਦੇ ਕੰਮ ਕਰਦੇ ਅਤੇ ਹੋਰ ਜਿੰਨੀਆ ਵੀ ਜਥੇਬੰਦੀਆ ਇਹੋ ਜਿਹੇ ਕਾਰਜ ਕਰਦੀਆ ਹਨ, ਸਭ ਨੂੰ ਅੱਗੇ ਆ ਕੇ ਇਸ ਤਰ੍ਹਾਂ ਦੇ ਪਰੋਗਰਾਮ ਉਲੀਕੇ ਜਾਣ ਜਿਸ ਨਾਲ ਲੋਕਾਂ ਨੂੰ ਦਾਜ ਦਹੇਜ ਮੰਗਣ ਤੋ ਰੋਕਿਆ ਜਾ ਸਕਦਾ ਹੋਵੇ, ਜਦੋ ਸਮਾਜ ਵਿੱਚੋ ਦਾਹ ਦਹੇਜ ਦੀ ਪ੍ਰਥਾ ਨੂੰ ਕੁਝ ਢੱਲ ਪਾ ਲਈ ਜਾਦੀ ਹੈ ਤਾਂ ਭਰੂਣ ਹੱਤਿਆਵਾ ਦਾ ਘੱਟਣਾ ਸੰਭਵ ਹੈ, ਜਿਨ੍ਹਾ ਟਾਇਮ ਦਾਜ - ਦਹੇਜ ਦੀ ਪ੍ਰਥਾ ਨੂੰ ਨਹੀ ਰੋਕਿਆ ਜਾਦਾ, ਉਹਨਾਂ ਟਾਇਮ ਭਰੂਣ ਹੱਤਿਆਵਾ ਨੂੰ ਰੋਕਣਾ ਬਹੁਤ ਹੀ ਅਸੰਭਵ ਹੈ, ਹਰ ਨਾਗਰਿਕ ਨੂੰ ਪੜ੍ਹਾ ਕੇ ਉਸ ਵਿੱਚ ਸਮਝ ਪੈਦਾ ਕੀਤੀ ਜਾ ਸਕਦੀ ਹੈ ਕਿ ਦਾਹ - ਦਹੇਜ ਲੈਣਾ ਕਿੰਨੀ ਮਾੜੀ ਗੱਲ ਹੈ, ਜੇਕਰ ਵੇਖਿਆ ਜਾਵੇ ਤਾਂ ਸਾਡੇ ਪੁਰਖਿਆ ਸਮੇ ਦਾਜ ਦਹੇਜ ਦੀ ਪ੍ਰਥਾ ਨਹੀ ਹੁੰਦੀ ਸੀ, ਉਸ ਸਮੇ ਭਰੂਣ ਹੱਤਿਆਵਾ ਵੀ ਨਹੀ ਹੁੰਦੀਆ ਸਨ, ਜਦੋ ਦਾਜ - ਦਹੇਜ ਦੀ ਪ੍ਰਥਾ ਚੱਲੀ ਤਾਂ ਨਾਲ ਹੀ ਭਰੂਣ ਹੱਤਿਆ ਦਾ ਦੌਰ ਚੱਲ ਪਿਆ, ਦਾਜ ਦਹੇਜ ਦਾ ਸਿੱਧਾ ਸਿੱਧਾ ਅਸਰ ਸਾਡੀਆ ਆਉਣ ਵਾਲੀਆ ਪੀੜੀਆ ਤੇ ਪਵੇਗਾ, ਜਿਸ ਨਾਲ ਅਸੀ ਆਪਣੇ ਸਮਾਜ ਦੀ ਹੋਂਦ ਖਤਮ ਕਰ ਲਵਾਗੇ, ਜਦੋ ਅਸੀ ਖੁਦ ਹੀ ਨਾ ਅੱਗੇ ਵੱਧ ਸਕਦੇ ਹੋਏ, ਫਿਰ ਦਾਜ - ਦਹੇਜ ਦੇ ਰੂਪ ਵਿੱਚ ਲਈਆ ਦੋਲਤਾਂ ਸੋਹਰਤਾ ਕਿਸ ਕੰਮ ਦੀਆ ਹੋਣਗੀਆ, ਜੇਕਰ ਇਸੇ ਤਰ੍ਹਾ ਦਾਜ - ਦਹੇਜ ਦੀ ਪ੍ਰਥਾ ਚਲਦੀ ਰਹੀ ਤਾਂ ਉਹ ਦਿਨ ਵੀ ਦੂਰ ਨਹੀ ਜਦੋ ਮੁੰਡਿਆਂ ਦੇ ਮੁਕਾਬਲੇ ਕੁੜੀਆਂ ਦੀ ਗਿਣਤੀ ਹੋਰ ਘੱਟ ਜਾਵੇਗੀ, ਜਿਸ ਨਾਲ ਅਸੀ ਆਪਣੇ ਸਮਾਜ ਜਾਨਿ ਸਮਾਜ ਨੂੰ ਪ੍ਰਫੁਲਤ ਨਹੀ ਕਰ ਸਕਾਗੇ ਤੇ ਕੁਝ ਸਮੇ ਵਿੱਚ ਹੀ ਆਪਣੀ ਹੋਂਦ ਖਤਮ ਕਰ ਲਵਾਗੇ, ਇਸ ਲਈ ਭਰੂਣ ਹੱਤਿਆ ਅਤੇ ਦਾਜ ਦੀ ਲਾਹਨਤ ਨੂੰ ਰੋਕਣ ਲਈ ਹਰ ਨਾਗਰਿਕ ਦਾ ਪੜ੍ਹਿਆ ਲਿਖੀਆ ਹੋਣਾ ਜਰੂਰੀ ਹੈ।

ਤਰਕਸ਼ੀਲਾਂ ਔਰਤ ਨੂੰ ਕਚੀਲਾਂ ਤੋਂ ਮੁਕਤ ਕੀਤਾ

ਮਾਸਟਰ ਪਰਮ ਵੇਦ
ਜ਼ੋਨ ਜਥੇਬੰਦਕ ਮੁਖੀ
ਤਰਕਸ਼ੀਲ ਸੁਸਾਇਟੀ ਪੰਜਾਬ
9417422349
ਅਫਸਰ ਕਲੋਨੀ ਸੰਗਰੂਰ

ਸਮਾਜ ਵਿੱਚ ਡਰ ਹਰੇਕ ਵਿਅਕਤੀ ਵਿੱਚ ਪਾਇਆ ਜਾਂਦਾ ਹੈ। ਕਿਸੇ ਨੂੰ ਮੌਤ ਦਾ ਹੁੰਦਾ ਹੈ। ਕਿਸੇ ਨੂੰ ਉਚੀ ਥਾਂ ਤੋਂ, ਕਿਸੇ ਨੂੰ ਪਾਣੀ ਤੋਂ ਕਿਸੇ ਨੂੰ ਭੂਤ ਪ੍ਰੇਤ ਤੋਂ। ਮਾਨਸਿਕ ਰੋਗੀ ਦਾ ਕਿਸੇ ਵਸਤੂ ਸਬੰਧੀ ਦ੍ਰਿਸ਼ਟੀਕੋਣ ਕੀ ਹੈ। ਉਸ 'ਤੇ ਨਿਰਭਰ ਕਰਦਾ ਹੈ ਫੋਬੀਆ (ਭੈਅ , ਦਹਿਸ਼ਤ)। ਇਹ ਅਜਿਹਾ ਮਾਨਸਿਕ ਰੋਗ ਹੈ , ਜੋ ਬੇਲੋੜਾ ਹੀ ਵਧਦਾ ਜਾਂਦਾ ਹੈ। ਕਿਸੇ ਵਸਤੂ ਪ੍ਰਤੀ ਮਾਨਸਿਕ ਰੋਗੀ ਦੀ ਅਪਣਾਈ ਤਰਕਹੀਣ ਪਹੁੰਚ ਕਾਰਨ ਰੋਗੀ ਤਬਾਹੀ ਵਾਸੇ ਪਾਸੇ ਵੱਲ ਵਧਦਾ ਹੈ। ਫੋਬੀਏ ? ਕਾਰਨਬਬ ਮਾਨਸਿਕ ਰੋਗੀ ਵਿੱਚ ਬੇ ਮਤਲਬੇ ਖ਼ਿਆਲ ਆਉਂਦੇ ਰਹਿੰਦੇ ਹਨ। ਕਈ ਸਾਲ ਪਹਿਲਾਂ ਲਹਿਰਾਗਾਗਾ ਤਰਕਸ਼ੀਲ ਸੁਸਾਇਟੀ ਕੋਲ ਇੱਕ ਔਰਤ ਦਾ ਫੋਬੀਆ (ਡਰ ਲੱਗਣਾ) ਨਾਲ ਸਬੰਧਿਤ ਕੇਸ ਆਇਆ। ਔਰਤ ਦਾ ਡਰ ਨਾਲ ਬਹੁਤ ਬੁਰਾ ਹਾਲ ਸੀ। ਉਸ ਦੇ ਚਿਹਰੇ ਦਾ ਰੰਗ ਉੱਡਿਆ ਪਿਆ ਸੀ। ਔਰਤ ਬਹੁਤ ਘਬਰਾਈ ਹੋਈ ਸੀ। ਉਸ ਦੇ ਦਿਲ ਦੀ ਧੜਕਣ ਵਧਣ ਕਾਰਨ ਸਾਹ ਦੀ ਗਤੀ ਤੇਜ਼ ਸੀ। ਔਰਤ ਦੀ ਉਮਰ ਤਕਰੀਬਨ 40 ਸਾਲ ਦੇ ਕਰੀਬ ਸੀ। ਉਸ ਅੰਦਰ ਕਲਪਨਿਕ ਵਸਤੂਆਂ ਦਾ ਡਰ ਬੈਠਿਆ ਹੋਇਆ ਸੀ। ਜੋ ਬਹੁਤ ਜ਼ਿਆਦਾ ਵਧਿਆ ਹੋਇਆ ਸੀ।

ਉਹ ਔਰਤ ਘਬਰਾਈ ਰਹਿੰਦੀ ਸੀ ਤੇ ਉਸਦਾ ਚਿਹਰਾ ਡਰਾਉਣਾ ਬਣਿਆ ਹੋਇਆ ਸੀ। ਪਰਿਵਾਰਕ ਮੈਂਬਰਾਂ ਨੂੰ ਸ਼ੱਕ ਹੋ ਗਿਆ ਸੀ ਕਿ ਇਸਨੂੰ ਓਪਰੀ ਸ਼ੈਅ ਚਿੰਬੜ ਗਈ ਹੈ। ਡਰ ਉਸ ਅੰਦਰ ਏਨਾ ਜ਼ਿਆਦਾ ਘਰ ਕਰ ਗਿਆ ਕਿ ਉਸਨੂੰ ਦੌਰਾ ਪੈਣ ਲੱਗ ਗਿਆ। ਫਿਰ ਦੌਰਿਆਂ ਦੀ ਰਫ਼ਤਾਰ ਏਨੀ ਵਧ ਗਈ ਕਿ ਪਤਾ ਨਹੀਂ ਦਿਨ ਵਿੱਚ ਕਿੰਨੇ ਕੁ ਦੌਰੇ ਪੈਂਦੇ ਸਨ। ਅਨਪੜ੍ਹਤਾ ਤੇ ਤਰਕਹੀਣ ਸੋਚ ਕਾਰਨ ਉਹ ਅਖੌਤੀ ਸਿਆਣਿਆਂ ਦੇ ਜਾਲ ਚ ਫਸ ਗਏਏ ਸਨ। ਸਿਆਣਿਆਂ ਨੇ ਉਸਦੇ ਮਾਨਸਿਕ ਰੋਗ ਦਾ ਫਾਇਦਾ ਉਠਾ ਕੇ ਆਰਥਿਕ ਲੁੱਟ - ਕੀਤੀ। ਜਿੱਥੇ ਵੀ ਉਸ ਔਰਤ ਦੇ ਪਰਿਵਾਰ ਨੂੰ ਕਿਸੇ 'ਸਿਆਣੇ' ਦੀ ਦੱਸ ਪੈਂਦੀ , ਉਹ ਉਸ ਨੂੰ ਉੱਥੇ ਲੈ ਕੇ ਜਾਂਦੇ। ਉਸ ਦੇ ਘਰ ਵਾਲੇ ਹਰਿਆਣੇ ਦੇ ਜ਼ਿਲ੍ਹਾ ਜੀਂਦ 'ਚ ਪੈਂਦੇ ਪਿੰਡ ਦੇ ਸਿਆਣਿਆਂ ਕੋਲ ਵੀ ਜਾ ਆਏ ਪ੍ਰੰਤੂ ਉਸ ਅੰਦਰ ਡਰ ਨਹੀਂ ਨਿਕਲਿਆ , ਸਗੋਂ ਹੋਰ ਵੀ ਵਧ ਗਿਆ।

ਇੱਕ ਸਿਆਣੇ ਨੇ ਕਿਹਾ , ਇਸ ਮਗਰ ' ਕਚੀਲਾਂ ' ਲੱਗੀਆਂ ਹੋਈਆਂ ਨੇ। ਉਨ੍ਹਾਂ ਨੂੰ ਉਤਾਰਨ ਲਈ ਟੂਣਾ ਕਰਨਾ ਪਵੇਗਾ। ਉਸਦੇ ਘਰ ਵਾਲੇ ਮੰਨ ਗਏ। ਸਿਆਣੇ ਨੇ ਇੱਕ ਮੁਰਗਾ , ਇੱਕ ਅੰਗਰੇਜ਼ੀ ਸ਼ਰਾਬ ਦੀ ਬੋਤਲ , ਕੁੱਝ ਨਕਦੀ ਚੁਰਸਤੇ 'ਚ ਰੱਖਣ ਲਈ ਕਿਹਾ । ਇੱਕ ਸਿਆਣੇ ਨੇ ਉਸਨੂੰ ਕਿਹਾ ਕਿ ਤੁਹਾਡੇ ਘਰ ਨੂੰ ਕੀਲ ਦਿੰਦੇ ਹਾਂ। 1000 ਰੁਪਏ ਲੱਗਣਗੇ। ਉਨ੍ਹਾਂ ਨੇ ਮਨ ਨਾਲ ਸਮਝੌਤਾ ਕੀਤਾ ਕਿ ਇਹ ਵੀ ਕਰਕੇ ਦੇਖ ਲੈਂਦੇ ਹਾਂ। ਸਿਆਣਾ ਸਾਰੀ ਰਾਤ ਉਨ੍ਹਾਂ ਦੇ ਘਰ ਨੂੰ ਕੀਲਣ ਦੇ ਢਕਵੰਜ ਕਰਦਾ ਰਿਹਾ ਤੇ ਦਿਨ ਚੜ੍ਹਦੇ ਦੀ ਲਾਲੀ ਨਾਲ ਇੱਕ ਹਜ਼ਾਰ ਰੁਪਏ ਬਟੋਰ ਕੇ ਤੁਰਦਾ ਬਣਿਆ।

ਪ੍ਰੰਤੂ ਕੀਲਿਆ ਘਰ ਵੀ ਰਾਸ ਨਾ ਆਇਆ। ਉਸ ਔਰਤ ਨੂੰ ਅਨੇਕਾਂ ਜਨਾਨੀਆਂ ਭੂਤਾਂ - ਚੁੜੇਲਾਂ ਬਣ - ਬਣ ਕੇ ਦਿਸਣ ਲੱਗੀਆਂ। ਪਾਖੰਡੀਆਂ ਦੇ ਜਾਲ'ਚ ਫਸ ਕੇ ਅਨੇਕਾਂ ਟੂਣੇ - ਟਾਮਣ ਕੀਤੇ ਪ੍ਰੰਤੂ ਉਨ੍ਹਾਂ ਦੇ ਪੱਲੇ ਨਿਰਾਸਤਾ ਹੀ ਪਈ। ਉਸ ਔਰਤ ਦੀ ਸਰੀਰਕ ਤੇ ਮਾਨਸਿਕ ਹਾਲਤ ਦਿਨ - ਬ - ਦਿਨ ਨਿਘਰਦੀ ਗਈ। ਇੱਕ ਦਿਨ ਉਸ ਔਰਤ ਨੂੰ ਕਿਸੇ ਸਿਆਣੇ ਕੋਲ ਲਿਜਾਇਆ ਜਾ ਰਿਹਾ ਸੀ। ਰਸਤੇ ਵਿੱਚ ਉਹ ਇੱਕ ਔਰਤ ਨਾਲ ਆਪਣੇ ਦੁੱਖ ਦੀ ਗੱਲ ਕਰ ਰਹੀ ਸੀ। ਉੱਥੇ ਹੀ ਸਾਡਾ ਤਰਕਸ਼ੀਲ ਸਾਥੀ ਖੜ੍ਹਾ ਸੀ , ਜੋ ਸਾਰਾ ਕੁੱਝ ਸੁਣ ਰਿਹਾ ਸੀ। ਉਸ ਸੁਝਾਅ ਦਿੱਤਾ ਕਿ 'ਸਿਆਣਿਆਂ' ਕੋਲ ਕੁੱਝ ਨਹੀਂ ਹੁੰਦਾ। ਉਹ ਤਾਂ ਤੁਹਾਡੀ ਆਰਥਿਕ ਲੁੱਟ ਕਰਦੇ ਨੇ ਤੇ ਝੂਠੀ ਤਸੱਲੀ ਦਿਵਾ ਕੇ ਘਰ ਤੋਰ ਦਿੰਦੇ ਨੇ। ਕਿਸੇ ਐਤਵਾਰ ਵਾਲੇ ਦਿਨ ਲਹਿਰਾਗਾਗਾ ਵਿਖੇ ਆ ਜਾਣਾ। ਉਸ ਦੱਸਿਆ ਕਿ ਸਾਡੀ ਇੱਕ ਪੰਜਾਬ ਪੱਧਰ ਦੀ ਤਰਕਸ਼ੀਲ ਸੁਸਾਇਟੀ ਬਣਾਈ ਹੋਈ ਹੈ , ਜੋ ਮਾਨਸਿਕ ਰੋਗੀਆਂ ਨੂੰ ਵਿਗਿਆਨਕ ਢੰਗ ਨਾਲ ਠੀਕ ਕਰਦੀ ਹੈ ਤੇ ਗੈਰ ਵਿਗਿਆਨਕ ਗੱਲਾਂ ਨੂੰ ਨੰਗਾ ਕਰਦੀ ਹੈ। ਅਸੀਂ ਕੋਈ ਪੈਸਾ ਨਹੀਂ ਲੈਂਦੇ।

ਮਿੱਥੇ ਸਮੇਂ 'ਤੇ ਉਹ ਲਹਿਰਾਗਾਗਾ ਵਿਖੇ ਸਾਡੇ ਕੋਲ ਪਹੁੰਚ ਗਏ। ਉਸ ਸਮੇਂ ਉਸ ਔਰਤ ਨੂੰ ਬਹੁਤ ਦੌਰੇ ਪੈਂਦੇ ਸਨ। ਆ ਕੇ ਵੀ ਦੌਰਾ ਪੈ ਗਿਆ। ਉਸ ਔਰਤ ਨੂੰ ਕੁਰਸੀ 'ਤੇ ਆਰਾਮ ਨਾਲ ਬੈਠਣ ਲਈ ਕਿਹਾ ਤੇ ਪੁੱਛਿਆ ਕਿ ਤੈਨੂੰ ਭੂਤਾਂ ਕਦੋਂ ਤੋਂ ਦਿਸਣ ਲੱਗੀਆਂ ਨੇ।

ਉਸਨੇ ਦੱਸਿਆ ਕਿ ਲਗਭਗ ਸਾਲ ਹੋ ਗਿਆ। ਪਹਿਲਾਂ ਮੈਨੂੰ ਡਰ ਸੀ ਕਿ ਮੈਨੂੰ ਭੂਤ ਚਿੰਬੜੀ ਹੋਈ ਹੈ। ਮੇਰਾ ਇਹ ਡਰ ਵਧਦਾ ਗਿਆ ਤੇ ਇਸ ਤੋਂ ਬਾਅਦ ਮੈਨੂੰ ਦੌਰੇ ਪੈਣ ਲੱਗ ਪਏ। ਮੈਂਨੂੰ ਘਰ ਵਾਲੇ ਬਹੁਤ ਸਿਆਣਿਆਂ ਕੋਲ ਲੈ ਕੇ ਗਏ। ਆਪਣਾ ਸਾਰਾ ਘਰ ਬਰਬਾਦ ਕਰ ਲਿਆ ਪ੍ਰੰਤੂ ਕੋਈ ਵੀ ਗੱਲ ਰਾਸ ਨਾ ਆਈ। ਉਸਨੇ ਦੱਸਿਆ ਕਿ ਅਸੀਂ ਸਾਲ ਕੁ ਪਹਿਲਾਂ ਕਿਸੇ ਤੋਂ ਥਾਂ ਮੁੱਲ ਲੈ ਲਿਆ ਤੇ ਗੁਆਂਢਣ ਨੇ ਮੈਨੂੰ ਕਿਹਾ ਕਿ ਉੱਥੇ ਤਾਂ ਕਚੀਲ ਰਹਿੰਦੀ ਹੈ। ਜਿਨ੍ਹਾਂ ਨੇ ਪਹਿਲਾਂ ਥਾਂ ਲਿਆ ਸੀ , ਉਨ੍ਹਾਂ ਦੀ ਕੁੜੀ ਨੂੰ ਵੀ ਉਹ ਚਿੰਬੜ ਗਈ ਸੀ ਤੇ ਕਿਤੇ ਤੈਨੂੰ ਵੀ ਨਾ ਚਿੰਬੜ ਜਾਵੇ। ਮੈਂ ਦੋ - ਤਿੰਨ ਦਿਨ ਉੱਥੇ ਪਾਥੀਆਂ ਪੱਥਣ ਜਾਂਦੀ ਰਹੀ। ਇੱਕ ਦਿਨ ਮੈਂ ਸਿਖਰ ਦੁਪਹਿਰੇ ਗੋਹਾ ਲੈਣ ਚਲੀ ਗਈ ਤੇ ਉੱਥੇ ਬੇ ਸੁਰਤ ਹੋ ਕੇ ਡਿੱਗ ਪਈ। ਮੈਨੂੰ ਡਰ ਲੱਗਿਆ ਕਿ ਕਚੀਲ ਚਿੰਬੜ ਗਈ।

ਜਦੋਂ ਅਸੀਂ ਕੇਸ ਦੀ ਵਿਗਿਆਨਕ ਤੇ ਮਨੋਵਿਗਿਆਨਕ ਢੰਗ ਨਾਲ ਪੜਚੋਲ ਕੀਤੀ ਗਈ ਤਾਂ ਅਸਲੀਅਤ ਸਾਹਮਣੇ ਆਈ ਕਿ ਉਸ ਸਮੇਂ ਤੋਂ ਹੀ ਉਸ ਔਰਤ ਅੰਦਰ ' ਕਚੀਲ' ਦਾ ਡਰ ਬੈਠ ਗਿਆ ਸੀ। ਉਸਦੀ ਕਲਪਣਾ ਕਰਕੇ ਉਹ ਡਰਦੀ ਰਹਿੰਦੀ ਸੀ। ਉਸਨੂੰ ਹਰ ਸਮੇਂ ਆਪਣੇ ਨਾਲ ' ਕਚੀਲ' ਹੋਣ ਦਾ ਭਰਮ ਹੋ ਗਿਆ ਸੀ। ਉਸ ਔਰਤ ਅੰਦਰ ਅੰਤਾਂ ਦਾ ਡਰ ਪੈਦਾ ਹੋ ਗਿਆ ਤੇ ਕਚੀਲਾਂ ਦਿਸਣ ਲੱਗੀਆਂ।

ਅਸਲ 'ਚ ਔਰਤ ਫੋਬੀਆ ਦੀ ਸ਼ਿਕਾਰ ਸੀ। ਸਾਰੀ ਗੱਲਬਾਤ ਪੁੱਛਣ ਤੋਂ ਬਾਅਦ ਉਸ ਔਰਤ ਅੰਦਰ ਕਚੀਲਾਂ ਦੇ ਡਰ ਨੂੰ ਗੱਲਬਾਤ ਵਿਧੀ ਰਾਹੀਂ ਦੂਰ ਕੀਤਾ ਗਿਆ। ਉਸ ਨੂੰ ਬਹੁਤ ਸਾਰੇ ਸਾਰਥਿਕ ਸੁਝਾਅ ਦਿੱਤੇ ਗਏ ਕਿ ਕੋਈ ਭੂਤ - ਪ੍ਰੇਤ ਨਹੀਂ , ਇਹ ਤਾਂ ਸਿਰਫ਼ ਮਨ ਦਾ ਹੀ ਡਰ ਹੈ। ਉਸਨੂੰ ਸਮਝਾਇਆ ਗਿਆ ਕਿ ਸਾਡਾ ਮਨ ਹਰ ਕਹੀ

ਸੁਣੀ ਗਲ ਦਾ ਅਸਰ ਕਬੂਲਦਾ ਹੈ।ਇਸ ਦੁਨੀਆਂ ਵਿੱਚ ਭੂਤ ਪ੍ਰੇਤ ,ਕਚੀਲ ਨਾਂ ਦੀ ਕੋਈ ਚੀਜ ਨਹੀਂ।ਸਾਡੇ ਸੁਝਾਅ ਤੋਂ ਬਾਅਦਉਹ ਕਾਫੀ ਡਰ ਮੁਕਤ ਹੋ ਗਈ ਸੀ।

ਜਦ ਉਹ ਅਗਲੇ ਹਫ਼ਤੇ ਫਿਰ ਆਈ ਤਾਂ ਉਸ ਨੂੰ ਦੌਰੇ ਪੈਣੇ ਤਾਂ ਬਿਲਕੁੱਲ ਖ਼ਤਮ ਹੋ ਗਏ ਸਨ ਪ੍ਰੰਤੂ ਥੋੜਾ ਥੋੜਾ ਡਰ ਅਜੇ ਉਸਦੇ ਮਨ ਵਿੱਚ ਬੈਠਿਆ ਹੋਇਆ ਸੀ।ਉਹ ਡਰ ਵੀ ਅਸੀਂ ਗਲਬਾਤ ਵਿਧੀ ਰਾਹੀਂ ਦੂਰ ਕਰਨ ਵਿੱਚ ਸਫਲ ਹੋਏ। ਇਕ ਮਹੀਨੇ ਮਗਰੋਂ ਰਿਪੋਰਟ ਮਿਲੀ ਕਿ ਹੁਣ ਉਹ ਬਿਲਕੁਲ ਠੀਕ ਹੈ।ਹੁਣ ਉਹ ਘਰ ਦੇ ਕੰਮਾਂ ਵਿੱਚ ਰੁੱਝੀ ਰਹਿੰਦੀ ਹੈ, ਖੁਸ਼ ਰਹਿੰਦੀ ਹੈ।ਇਸ ਤਰ੍ਹਾਂ ਅਸੀਂ ਔਰਤ ਨੂੰ ਕਚੀਲਾਂ ਦੇ ਡਰ ਤੋ ਮੁਕਤ ਕਰ ਦਿੱਤਾ।ਸਾਨੂੰ ਵੀ ਬੜੀ ਖੁਸ਼ੀ ਮਿਲੀ। ਅਸੀਂ ਚਾਹੁੰਦੇ ਹਾਂ ਕਿ ਲੋਕ ਵਿਗਿਆਨਕ ਵਿਚਾਰਾਂ ਦੇ ਧਾਰਨੀ ਬਣਨ।

ਅਸਾਧਾਰਨ ਮਹਾਨਾਇਕਾ- ਜੋਤੀ ਦੀਪਕ ਨੈਨਵਾਲ

ਅਸ਼ੋਕ ਸੋਨੀ
ਖੂਈ ਖੇੜਾ, ਫਾਜ਼ਿਲਕਾ
9872705078

ਇੱਕ ਵਾਸਤਵਿਕ, ਆਧੁਨਿਕ, ਭਾਰਤੀ ਦੇਸ਼ਭਗਤ, ਮਹਾਨਾਇਕਾ ਦੀ ਅਨੋਖੀ, ਦਿਲ ਨੂੰ ਛੂਹ ਲੈਣ ਵਾਲੀ, ਭਾਵੁਕ ਸੱਚੀ ਕਹਾਣੀ, ਪੜ੍ਹ ਕੇ ਤੁਸੀਂ ਵੀ ਕਹੋਗੇ, ਜੋਤੀ ਨੈਨਵਾਲ, ਮਾਣ ਹੈ ਭੈਣੇ ਤੇਰੇ ਤੇ

ਅੱਜ ਤੋਂ ਕਰੀਬ ਸਾਢੇ ਕੁ ਤਿੰਨ ਸਾਲ ਪਹਿਲਾਂ ਮਿਤੀ 10 ਅਪ੍ਰੈਲ 2018, ਸਥਾਨ ਸੀ, ਜੰਮੂ-ਕਸ਼ਮੀਰ ਦਾ ਜ਼ਿਲ੍ਹਾ ਕੁਲਗਾਮ, ਅੱਤਵਾਦੀਆਂ ਅਤੇ ਦੇਸ਼ ਦੇ ਬਹਾਦਰ ਜਵਾਨਾਂ ਵਿਚਾਲੇ ਹੋਏ ਭਿਆਨਕ ਮੁਕਾਬਲੇ ਨੇ ਦੇਵਭੂਮੀ ਦੇ ਪਿੰਡ ਸਿੱਧਪਰਮ ਦੇ ਮਹਾਨ ਦੇਸ਼ ਭਗਤ ਨੈਨਵਾਲ ਪਰਿਵਾਰ ਦੀ ਦਸ਼ਾ ਅਤੇ ਦਿਸ਼ਾ ਹੀ ਬਦਲ ਦਿੱਤੀ।1971 ਦੀ ਜੰਗ ਵਿੱਚ ਹਿੱਸਾ ਲੈਣ ਵਾਲੇ ਸੇਵਾਮੁਕਤ ਸੈਨਿਕ ਸ਼੍ਰੀ ਚੱਕਰਧਰ ਨੈਨਵਾਲ ਦੇ ਪੁੱਤਰ ਅਤੇ ਸੁਤੰਤਰਤਾ ਸੈਨਾਨੀ ਸ਼੍ਰੀ ਸੁਰੇਸ਼ਾਨੰਦ ਨੈਨਵਾਲ ਦੇ ਪੋਤਰੇ, ਮਹਾਨ ਦੇਸ਼ਭਗਤ ਜਵਾਨ ਨਾਇਕ ਦੀਪਕ ਨੈਨਵਾਲ ਨੇਂ 17 ਘੰਟੇ ਲਗਾਤਾਰ ਅੱਤਵਾਦੀਆਂ ਨਾਲ ਬਹਾਦਰੀ ਨਾਲ ਲੜਦੇ ਹੋਏ, ਛਾਤੀ ਤੇ ਦੋ ਗੋਲੀਆਂ ਖਾਧੀਆਂ ਪਰ ਇਸ ਤੋਂ ਬਾਅਦ ਵੀ ਮੈਦਾਨ-ਏ-ਜੰਗ ਵਿੱਚ ਕਾਇਮ ਰਿਹਾ, ਬਾਅਦ 'ਚ ਹਸਪਤਾਲ ਲਿਜਾਇਆ ਗਿਆ। ਸੈਨਾ ਦੇ ਵੱਡੇ-ਵੱਡੇ ਡਾਕਟਰਾਂ ਦੀ ਜੀ ਤੋੜ ਕੋਸ਼ਿਸ਼ਾਂ, ਮਾਤਾ ਪਾਰਵਤੀ ਦੇਵੀ, ਪਤਨੀ ਜੋਤੀ ਨੈਨਵਾਲ, 6 ਸਾਲ ਦੀ ਬੇਟੀ ਲਾਵਣਿਆ ਅਤੇ 4 ਸਾਲ ਦੇ ਮਾਸੂਮ ਬੇਟੇ ਰੇਯਾਂਸ਼ ਦੀਆਂ ਦੁਆਵਾਂ ਦਾ ਵੀ ਕੋਈ ਅਸਰ ਨਹੀਂ ਹੋਇਆ, ਦ

ਥਾਇਰਾਇਡ ਹੋਣ 'ਤੇ ਵਰਤੋ ਇਹ ਸਾਵਧਾਨੀਆਂ



ਥਾਇਰੌਇਡ ਇਕ ਅਜਿਹੀ ਸਮੱਸਿਆ ਹੈ ਜੋ ਅੱਜਕਲ ਕਾਫ਼ੀ ਲੋਕਾਂ ਵਿੱਚ ਆਮ ਦੇਖਣ ਨੂੰ ਮਿਲਦੀ ਹੈ। ਇਸ ਵਿੱਚ ਥਾਇਰੌਇਡ ਗਲੈਂਡ੍ਸ ਸਾਡੇ ਸਰੀਰ ਵਿੱਚ ਆਇਓਡੀਨ ਲੈ ਕੇ ਥਾਈਰਾਈਡ ਹਾਰਮੋਨ ਨੂੰ ਪੈਦਾ ਕਰਦੇ ਹਨ ਜੋ ਸਰੀਰ ਵਿੱਚ ਮੈਟਾਬਾਲੀਜ਼ਮ ਨੂੰ ਬਣਾਈ ਰੱਖਣ ਵਿੱਚ ਮਦਦ ਕਰਦੇ ਹਨ ਪਰ ਜਦੋਂ ਸਰੀਰ ਵਿੱਚ ਇਨ੍ਹਾਂ ਹਾਰਮੋਨਸ ਦੀ ਮਾਤਰਾ ਵਧ ਜਾਂਦੀ ਹੈ ਤਾਂ ਥਾਈਰਾਈਡ ਦੀ ਸਮੱਸਿਆ ਹੋ ਜਾਂਦੀ ਹੈ। ਇਸ ਨਾਲ ਸਰੀਰ ਦੇ ਅੰਗਾਂ ਵਿੱਚ ਸੋਜ ਆ ਜਾਂਦੀ ਹੈ ਅਤੇ ਭਾਰ ਵੀ ਵਧਣ ਲੱਗਦਾ ਹੈ। ਇਸ ਤੋਂ ਇਲਾਵਾ ਗਲਤ ਖਾਣ-ਪੀਣ ਦੀ ਵਜ੍ਹਾ ਨਾਲ ਇਹ ਸਮੱਸਿਆ ਹੋਰ ਵੀ ਵਧ ਜਾਂਦੀ ਹੈ। ਅਜਿਹੇ ਵਿੱਚ ਥਾਈਰਾਈਡ ਹੋਣ 'ਤੇ ਖਾਣ-ਪੀਣ ਦੀਆਂ ਕੁਝ ਚੀਜ਼ਾਂ 'ਤੋਂ ਪਰਹੇਜ਼ ਰੱਖਣਾ ਚਾਹੀਦਾ ਹੈ। ਆਓ ਜਾਣਦੇ ਹਾਂ ਥਾਈਰਾਈਡ ਹੋਣ 'ਤੇ ਕਿਹੜੀਆਂ ਚੀਜ਼ਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ।

1. ਆਓਡੀਨ ਨਮਕ

ਥਾਈਰਾਈਡ ਦੇ ਰੋਗੀ ਨੂੰ ਅਜਿਹੇ ਨਮਕ ਦੀ ਵਰਤੋਂ ਨਹੀਂ ਕਰਨੀ ਚਾਹੀਦੀ ਜਿਸ ਵਿੱਚ ਜ਼ਿਆਦਾ ਮਾਤਰਾ ਵਿੱਚ ਆਇਓਡੀਨ ਹੁੰਦਾ ਹੈ। ਇਸ ਤੋਂ ਇਲਾਵਾ ਜਿਨ੍ਹਾਂ ਚੀਜ਼ਾਂ ਵਿੱਚ ਜ਼ਿਆਦਾ ਆਇਓਡੀਨ ਹੋਵੇ, ਉਸ ਨੂੰ ਖਾਣ ਤੋਂ ਵੀ ਪਰਹੇਜ਼ ਕਰਨਾ ਚਾਹੀਦਾ ਹੈ।

2. ਕੈਫ਼ੀਨ

ਥਾਈਰਾਈਡ ਦੀ ਵਜ੍ਹਾ ਨਾਲ ਸੋਜ ਦੇ ਨਾਲ-ਨਾਲ ਬੇਚੈਨੀ ਅਤੇ ਨੀਂਦ ਨਾ ਆਉਣ ਦੀ ਸਮੱਸਿਆ ਵੀ ਹੋ ਜਾਂਦੀ ਹੈ। ਅਜਿਹੇ ਵਿੱਚ ਰੋਗੀ ਨੂੰ ਚਾਹ, ਕੌਫ਼ੀ ਦੀ ਘੱਟ ਵਰਤੋਂ ਕਰਨੀ ਚਾਹੀਦੀ ਹੈ ਕਿਉਂਕਿ ਇਹ ਸਮੱਸਿਆ ਹੋਰ ਵੀ ਵਧ ਜਾਂਦੀ ਹੈ।

3. ਵਨਸਪਤੀ ਘਿਓ

ਜ਼ਿਆਦਾਤਰ ਘਰਾਂ ਵਿੱਚ ਖਾਣਾ ਬਣਾਉਣ ਲਈ ਵਨਸਪਤੀ ਘਿਓ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਨੂੰ ਡਾਲਡਾ ਘਿਓ ਵੀ ਕਹਿੰਦੇ ਹਨ। ਇਸ ਨਾਲ ਸਰੀਰ ਵਿੱਚ ਕੋਲੈਸਟਰੋਲ ਲੇਵਲ ਵੀ ਸੰਤੁਲਿਤ ਹੁੰਦਾ ਹੈ ਨਾਲ ਹੀ ਇਹ ਥਾਈਰਾਈਡ ਦੀ ਸਮੱਸਿਆ ਵੀ ਵਧਾ ਦਿੰਦਾ ਹੈ।

4. ਮੀਟ

ਥਾਈਰਾਈਡ ਦੇ ਰੋਗੀਆਂ ਨੂੰ ਮੀਟ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਇਸ ਵਿੱਚ ਕਾਫ਼ੀ ਜ਼ਿਆਦਾ ਮਾਤਰਾ ਵਿੱਚ ਸੈਚੁਰੇਟੇਡ ਫ਼ੈਟ ਹੁੰਦਾ ਹੈ। ਜੋ ਭਾਰ ਤੇਜ਼ੀ ਨਾਲ ਵਧਾਉਂਦਾ ਹੈ। ਇਸ ਤੋਂ ਇਲਾਵਾ ਥਾਈਰਾਈਡ ਰੋਗੀ ਦੁਆਰਾ ਮੀਟ ਖਾਣ ਨਾਲ ਉਸ ਦੇ ਸਰੀਰ ਵਿੱਚ ਜਲਣ ਦੀ ਸਮੱਸਿਆ ਹੋ ਜਾਂਦੀ ਹੈ।

5. ਸ਼ਰਾਬ : ਸ਼ਰਾਬ ਦੀ ਵਰਤੋਂ ਕਰਨ ਨਾਲ ਥਾਈਰਾਈਡ ਦੀ ਸਮੱਸਿਆ ਕਾਫ਼ੀ ਵਧ ਜਾਂਦੀ ਹੈ। ਅਜਿਹੇ ਵਿੱਚ ਥਾਈਰਾਈਡ ਦੇ ਰੋਗੀਆਂ ਨੂੰ ਸ਼ਰਾਬ ਤੋਂ ਪਰਹੇਜ਼ ਰੱਖਣਾ ਚਾਹੀਦਾ ਹੈ।

ਸਿਹਤ ਲਈ ਬਹੁਤ ਲਾਭਦਾਇਕ ਹੈ ਬਾਜਰਾ

ਡਾ. ਹਰਸ਼ਿੰਦਰ ਕੌਰ, ਐਮ. ਡੀ.
ਬੱਚਿਆਂ ਦੀ ਮਾਹਿਰ,
0175-2216783

ਕਿਸੇ ਵੀ ਕੌਮ ਨੂੰ ਖ਼ਤਮ ਕਰਨ ਲਈ ਕਈ ਢੰਗ ਵਰਤੇ ਜਾਂਦੇ ਹਨ, ਜਿਵੇਂ ਉਸ ਕੌਮ ਵਿਚਲੇ ਸਾਰੇ ਸਿਆਣੇ ਤੇ ਬਜ਼ੁਰਗ ਕਿਨਾਰੇ ਕਰ ਦਿੱਤੇ ਜਾਣ। ਛੋਟੇ ਬੱਚਿਆਂ ਨੂੰ ਧਮਕਾ ਕੇ ਭੈਭੀਤ ਕਰ ਦਿੱਤਾ ਜਾਵੇ। ਨੌਜਵਾਨਾਂ ਨੂੰ ਆਰਥਿਕ ਪੱਖੋਂ ਨਿਤਾਣਾ ਕਰ ਦਿੱਤਾ ਜਾਵੇ ਤੇ ਨਸ਼ਿਆਂ ਵੱਲ ਧੱਕ ਦਿੱਤਾ ਜਾਵੇ। ਔਰਤਾਂ ਦੀ ਕੁੱਖ ਵਿੱਚ ਕਿਸੇ ਹੋਰ ਕੌਮ ਦਾ ਬੀਜ ਬੋ ਦਿੱਤਾ ਜਾਵੇ। ਜਿਸ ਸਥਾਨ ਨਾਲ ਕੌਮ ਦੀ ਪਛਾਣ ਜੁੜੀ ਹੋਵੇ, ਉਸ ਥਾਂ ਨੂੰ ਬੰਜਰ ਬਣਾ ਕੇ ਵਸੋਂ ਨੂੰ ਉੱਥੋਂ ਹੋਰ ਪਾਸੇ ਵੱਲ ਖਿੰਡਾ ਦਿੱਤਾ ਜਾਵੇ। ਜ਼ਬਾਨ ਤੇ ਸੱਭਿਆਚਾਰ ਉੱਤੇ ਮਾਰੂ ਟੱਕ ਲਾ ਦਿੱਤਾ ਜਾਵੇ। ਸਰਕਾਰੇ ਦਰਬਾਰੇ ਜ਼ਬਾਨ ਨੂੰ ਮਾਨਤਾ ਨਾ ਦਿੱਤੀ ਜਾਵੇ, ਇੰਜ ਉਸ ਕੌਮ ਦਾ ਸਾਹਿਤ ਮਰ ਮੁੱਕ ਜਾਂਦਾ ਹੈ। ਸਿਹਤ ਦਾ ਨਾਸ ਮਾਰ ਦਿੱਤਾ ਜਾਵੇ। ਜੇ ਸਿਹਤ ਪੱਖੋਂ ਗੱਲ ਕਰੀਏ ਤਾਂ ਪੰਜਾਬੀ ਸੈਂਕੜੇ ਸਾਲਾਂ ਤੋਂ ਮੱਕੀ, ਬਾਜਰਾ, ਜੌਂ, ਸੱਤੂ, ਰਾਗੀ ਤੇ ਵੇਸਣ ਵਰਤਦੇ ਆਏ ਹਨ। ਇਨ੍ਹਾਂ ਵਿਚ ਸਿਹਤਮੰਦ ਰਹਿਣ ਦੇ ਗੁਰ ਲੁਕੇ ਹੋਏ ਹਨ। ਇਸੇ ਲਈ ਬਲੱਡ ਪ੍ਰੈੱਸ਼ਰ, ਸ਼ੱਕਰ ਰੋਗ ਤੇ ਮੋਟਾਪਾ ਪੰਜਾਬੀਆਂ ਦੇ ਨੇੜੇ ਤੇੜੇ ਨਹੀਂ ਸੀ ਢੁੱਕਦਾ। ਅੱਜ ਇਥੇ ਬਾਜਰੇ ਬਾਰੇ ਗੱਲ ਕਰਾਂਗੇ :-

ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ, ਇਹ ਸਿਰਫ਼ ਫਾਇਦਾ ਹੀ ਪਹੁੰਚਾਉਂਦਾ ਹੈ। ਬਹੁਤ ਘੱਟ ਪਾਣੀ ਨਾਲ ਉੱਗਣ ਵਾਲਾ ਬਾਜਰਾ ਕਣਕ ਤੋਂ ਹੋ ਰਹੀ ਅਲਰਜੀ ਵਾਲਿਆਂ ਲਈ ਬਿਹਤਰੀਨ ਸਾਬਤ ਹੋ ਚੁੱਕਿਆ ਹੈ। ਬਾਜਰੇ ਵਿਚਲੇ ਫਾਈਟਿਕ ਏਸਿਡ ਤੇ ਨਾਇਆਸਿਨ ਹੋਰ ਕਿਸੇ ਅੰਨ ਵਿਚ ਨਹੀਂ ਮਿਲਦੇ। ਪ੍ਰੋਟੀਨ ਤੇ ਫਾਈਬਰ ਭਰਪੂਰ ਬਾਜਰੇ ਵਿੱਚ ਫੌਸਫੋਰਸ ਤੇ ਜ਼ਿੰਕ ਵੀ ਭਰੇ ਪਏ ਹਨ। ਲੋਹ ਕਣਾਂ ਨਾਲ ਲਬਾਲਬ ਬਾਜਰਾ ਧਰਤੀ ਹੇਠਲਾ ਪਾਣੀ ਵੀ ਜ਼ਿਆਦਾ ਨਹੀਂ ਮੰਗਦਾ। ਸਭ ਤੋਂ ਵੱਧ ਪ੍ਰੋਟੀਨ, ਮੈਗਨੀਸ਼ੀਅਮ, ਅਮਾਈਨੋ ਏਸਿਡ, ਵਿਟਾਮਿਨ ਹੋਣ ਸਦਕਾ ਇਹ ਸਰੀਰ ਲਈ ਅਤਿ ਦਾ ਲਾਹੇਵੰਦ ਹੈ। ਬਾਜਰੇ ਦੀ ਰੋਟੀ ਰੈਗੂਲਰ ਤੌਰ ਉੱਤੇ ਖਾਣ ਵਾਲਿਆਂ ਵਿੱਚ ਤੇਜ਼ਾਬੀ ਮਾਦਾ ਨਹੀਂ ਵਧਦਾ। ਢਿੱਡ ਵਿਚਲੇ ਅਲਸਰ ਨਹੀਂ ਬਣਦੇ ਕਿਉਂਕਿ ਇਹ ਤੇਜ਼ਾਬ ਘਟਾਉਂਦਾ ਹੈ। ਜੇ ਪੰਜਾਬੀਆਂ ਨੂੰ ਦਿਲ ਦੇ ਰੋਗਾਂ ਤੋਂ ਕੋਈ ਖ਼ੁਰਾਕ ਬਚਾਉਂਦੀ ਰਹੀ ਹੈ ਤਾਂ ਉਹ ਹੈ ਬਾਜਰੇ ਦੀ ਰੋਟੀ। ਇਸ ਵਿਚਲਾ ਢੇਰਾਂ ਦਾ ਢੇਰ ਮੈਗਨੀਸ਼ੀਅਮ ਬਲੱਡ ਪ੍ਰੈੱਸ਼ਰ ਕਾਬੂ ਵਿੱਚ ਰੱਖਦਾ ਤੇ ਦਿਲ ਉੱਤੇ ਤਣਾਓ ਦਾ ਅਸਰ ਘਟਾਉਂਦਾ ਹੈ। ਮੈਗਨੀਸ਼ੀਅਮ ਸਦਕਾ ਹੀ ਸਾਹ ਦੀਆਂ ਬੀਮਾਰੀਆਂ ਘੱਟ ਹੁੰਦੀਆਂ ਹਨ। ਦਮਾ ਵੀ ਘੱਟ ਹੁੰਦਾ ਹੈ। ਬਾਜਰਾ ਸਿਰ ਪੀੜ ਤੇ ਮਾਈਗਰੇਨ ਪੀੜ ਵੀ ਘਟਾ ਦਿੰਦਾ ਹੈ। ਬਾਜਰੇ ਵਿਚਲੇ ਫਾਸਫੋਰਸ ਨਾਲ ਜਿੱਥੇ ਹੱਡੀਆਂ ਤੰਦਰੁਸਤ ਰਹਿੰਦੀਆਂ ਹਨ, ਉੱਥੇ ਛੇਤੀ ਖ਼ੁਰਦੀਆਂ ਵੀ ਨਹੀਂ ਤੇ ਸਰੀਰ ਨੂੰ ਲੋੜੀਂਦੀ ਤਾਕਤ ਵੀ ਮਿਲਦੀ ਰਹਿੰਦੀ ਹੈ ਜਿਸ ਨਾਲ ਸਾਰਾ ਦਿਨ ਕੰਮ ਕਰ ਕੇ ਵੀ ਥਕਾਵਟ ਮਹਿਸੂਸ ਨਹੀਂ ਹੁੰਦੀ। ਕੈਂਸਰ ਹੋਣ ਦੇ ਆਸਾਰ ਕਾਫ਼ੀ ਘੱਟ ਹੋ ਜਾਂਦੇ ਹਨ। ਇਹ ਅਸਰ ਵੀ ਮੈਗਨੀਸ਼ੀਅਮ ਤੇ ਫਾਈਟੇਟ ਸਦਕਾ ਹੁੰਦਾ ਹੈ।

ਬਾਜਰਾ ਖਾਣ ਨਾਲ ਮੋਟਾਪਾ ਨਹੀਂ ਹੁੰਦਾ। ਇਸ ਵਿਚਲਾ ਫਾਈਬਰ ਦੇਰ ਤੱਕ ਭਰੇ ਹੋਏ ਢਿੱਡ ਦਾ ਅਹਿਸਾਸ ਦਿਵਾਉਂਦਾ ਰਹਿੰਦਾ ਹੈ। ਜੇ ਪਹਿਲਾਂ ਪੰਜਾਬੀ ਸ਼ੱਕਰ ਰੋਗ ਤੋਂ ਬਚੇ ਰਹਿੰਦੇ ਸਨ ਤਾਂ ਉਹ ਸਿਰਫ਼ ਬਾਜਰੇ ਦੀਆਂ ਰੋਟੀਆਂ ਸਦਕਾ ਹੀ ਸੀ। ਸ਼ੱਕਰ ਦੀ ਮਾਤਰਾ ਲਹੂ ਵਿੱਚ ਦੇਰ ਤੱਕ ਸਹਿਜ ਰੱਖਣਾ ਬਾਜਰੇ ਸਦਕਾ ਹੀ ਸੰਭਵ ਹੋ ਸਕਿਆ ਹੈ। ਕਣਕ ਤੇ ਚੌਲ ਖਾਣ ਵਾਲਿਆਂ ਨੂੰ ਆਮ ਹੀ ਕਣਕ ਤੋਂ ਹੋ ਰਹੀ ਐਲਰਜੀ ਨਾਲ ਜੂਝਣਾ ਪੈਂਦਾ ਹੈ। ਉਨ੍ਹਾਂ ਲਈ ਬਾਜਰੇ ਅਤੇ ਰਾਗੀ ਤੋਂ ਵਧੀਆ ਹੋਰ ਕੋਈ ਅੰਨ ਨਹੀਂ। ਕਮਜ਼ੋਰ ਹੱਡੀਆਂ, ਘੱਟਦੀ ਲੰਬਾਈ, ਛਲਣੀ ਸਰੀਰ, ਘਟਦੀ ਯਾਦਾਸ਼ਤ, ਸਰੀਰਕ ਕਮਜ਼ੋਰੀ ਤੇ ਸ਼ਕਰਾਣੂਆਂ ਦੀ ਕਮੀ ਨਾਲ ਜੂਝਦੇ ਪੰਜਾਬੀਆਂ ਨੂੰ ਇਹ ਸਮਝ ਹੀ ਨਹੀਂ ਆ ਰਹੀ ਕਿ ਬਾਜਰੇ ਨੂੰ ਤਿਆਗ ਕੇ ਕਣਕ ਚੌਲ ਖਾਣ ਨਾਲ ਉਹ ਕਿਵੇਂ ਹੌਲੀ-ਹੌਲੀ ਪੂਰੀ ਕੌਮ ਨੂੰ ਤਬਾਹੀ ਵੱਲ ਤੋਰ ਰਹੇ ਹਨ। ਕੋਲੈਸਟਰੋਲ ਦੀਆਂ ਬੀਮਾਰੀਆਂ ਕਦੇ ਹੱਟੇ-ਕੱਟੇ ਪੰਜਾਬੀਆਂ ਵਿੱਚ ਹੁੰਦੀਆਂ ਹੀ ਨਹੀਂ ਸਨ ਕਿਉਂਕਿ ਬਾਜਰੇ ਵਿਚਲੇ ਫਾਈਟਿਕ ਏਸਿਡ ਦਾ ਕੰਮ ਹੀ ਕੋਲੈਸਟਰੋਲ ਨੂੰ ਖ਼ੋਰਨਾ ਹੈ। ਬਾਜਰੇ ਵਿੱਚ ਸਰੀਰ ਨੂੰ ਲੋੜੀਂਦੇ ਸਾਰੇ ਹੀ ਅਮਾਈਨੋ ਏਸਿਡ ਹਨ ਜੋ ਅੱਜ ਮਹਿੰਗੀਆਂ ਦਵਾਈਆਂ ਰਾਹੀਂ ਖਾਧੇ ਜਾ ਰਹੇ ਹਨ। ਪੰਜਾਬੀਆਂ ਵਿਚ ਥੈਲਾਸੀਮੀਆ ਜੀਨ ਪ੍ਰਚਲਿਤ ਹੈ ਜਿਸ ਵਿਚ ਸਾਰੀ ਉਮਰ ਲਹੂ ਚੜ੍ਹਾਉਣਾ ਪੈਂਦਾ ਹੈ ਤੇ ਪਿੱਤੇ ਵਿਚ ਪਥਰੀਆਂ ਵੀ ਬਣ ਜਾਂਦੀਆਂ ਹਨ। ਇਨ੍ਹਾਂ ਪਥਰੀਆਂ ਨੂੰ ਸਿਰਫ਼ ਅਪਰੇਸ਼ਨ ਰਾਹੀਂ ਕੱਢਣਾ ਪੈਂਦਾ ਹੈ। ਕਣਕ ਚੌਲ ਦੇ ਚੱਕਰ ਨੇ ਹਰ ਪੰਜਵੇਂ ਛੇਵੇਂ ਪੰਜਾਬੀ ਨੂੰ ਪਿੱਤੇ ਦੀ ਪਥਰੀ ਦਾ ਰੋਗੀ ਬਣਾ ਦਿੱਤਾ ਹੈ। ਐਲਰਜੀਆਂ ਅੱਗੇ ਕਦੇ ਕਦਾਈਂ ਹੀ ਵੇਖਣ ਵਿੱਚ ਆਉਂਦੀਆਂ ਸਨ ਜਦੋਂ ਸਾਰੇ ਬਾਜਰਾ ਖਾਂਦੇ ਹੁੰਦੇ ਸਨ। ਬਾਜਰੇ ਦਾ ਦਲੀਆ ਤੇ ਖੀਰ ਬਹੁਤ ਸੁਆਦਲੇ ਹੁੰਦੇ ਸਨ। ਇਸ ਦੇ ਏਨੇ ਫ਼ਾਇਦੇ ਵੇਖਦੇ ਹੋਏ ਪੱਛਮੀ ਲੋਕਾਂ ਨੇ ਹੌਲੀ-ਹੌਲੀ ਬਾਜਰੇ ਦੇ ਬਿਸਕੁਟ, ਬਰੈੱਡ, ਕੇਕ, ਮੱਫਿਨ, ਆਦਿ ਬਣਾ ਕੇ ਆਪਣੇ ਲੋਕਾਂ ਨੂੰ ਬਾਜਰਾ ਖਾਣ ਲਈ ਪ੍ਰੋਤਸਾਹਿਤ ਕਰਨਾ ਸ਼ੁਰੂ ਕਰ ਦਿੱਤਾ ਹੈ। ਪਰ ਅਸੀਂ, ਪੰਜਾਬੀਆਂ ਨੇ ਚੰਗੇ ਭਲੇ ਬਾਜਰੇ ਦੀ ਵਰਤੋਂ ਛੱਡ ਕੇ, ਆਪਣੇ ਆਪ ਨੂੰ ਅਗਾਂਹਵਧੂ ਸਾਬਤ ਕਰਨ ਲਈ ਕਣਕ, ਮੈਦੇ, ਚੌਲਾਂ ਵਿਚ ਰੋਲ ਲਿਆ ਹੈ ਤੇ ਸਰੀਰਾਂ ਨੂੰ ਰੋਗਾਂ ਦੀ ਪੰਡ ਵਿਚ ਤਬਦੀਲ ਕਰ ਲਿਆ ਹੈ। ਦੇਰ ਤੱਕ ਚਮੜੀ ਉੱਤੇ ਝੁਰੜੀਆਂ ਤੋਂ ਬਚਾਓ ਲਈ ਬਾਜਰਾ ਬਾਕਮਾਲ ਹੈ। ਮਾਂ ਦਾ ਦੁੱਧ ਵਧਾਉਣ ਲਈ ਬਾਜਰਾ ਉੱਤਮ ਹੈ ਤੇ ਢਿੱਡ ਅੰਦਰ ਪਲ ਰਹੇ ਬੱਚੇ ਦੇ ਵਿਕਾਸ ਲਈ ਵੀ ਜੇ ਸ਼ੱਕਰ ਰੋਗ ਹੋ ਚੁੱਕਿਆ ਹੈ ਤਾਂ ਵੀ ਦਵਾਈਆਂ ਤੇ ਟੀਕਿਆਂ ਦੀ ਮਾਤਰਾ ਘਟਾਉਣ ਲਈ ਰੋਜ਼ ਬਾਜਰੇ ਦੀ ਰੋਟੀ ਖਾਣੀ ਚਾਹੀਦੀ ਹੈ। ਅਮਰੀਕਾ ਦੇ ਗੈਸਟਰੋਐਨਟਰੌਲੋਜੀ ਜਰਨਲ ਵਿੱਚ, 16 ਸਾਲ ਵਿੱਚ 69000 ਔਰਤਾਂ ਉੱਤੇ ਖੋਜ ਕਰਨ ਬਾਅਦ ਇਹ ਗੱਲ ਸਾਹਮਣੇ ਆਈ ਕਿ ਬਾਜਰਾ ਖਾਣ ਵਾਲਿਆਂ ਨੂੰ ਪਿੱਤੇ ਦੀ ਪੱਥਰੀ ਨਹੀਂ ਬਣਦੀ। ਇਹ ਵੀ ਤੱਥ ਸਾਹਮਣੇ ਆਇਆ ਕਿ ਬਾਜਰੇ ਵਿਚਲੇ ਮੈਗਨੀਸ਼ੀਅਮ ਤੇ ਮਿਨਰਲ ਸਰੀਰ ਅੰਦਰਲੇ 300 ਰਸ ਬਣਾਉਣ ਵਿਚ ਮਦਦ ਕਰਦੇ ਹਨ ਜਿਨ੍ਹਾਂ ਵਿੱਚ ਗੁਲੂਕੋਜ਼ ਤੇ ਇਨਸੂਲਿਨ ਵੀ ਹਨ। ਇਹੀ ਕਾਰਨ ਹੈ ਕਿ ਬਾਜਰਾ ਖਾਣ ਵਾਲੇ ਸ਼ੱਕਰ ਰੋਗ ਹੋਣ ਤੋਂ ਬਚ ਜਾਂਦੇ ਹਨ। ਖੋਜ ਰਾਹੀਂ ਸਾਹਮਣੇ ਆਏ ਤੱਥਾਂ ਵਿੱਚੋਂ ਪਤਾ ਲੱਗਿਆ ਹੈ ਕਿ ਔਰਤਾਂ ਵਿਚ ਛਾਤੀ ਦੇ ਕੈਂਸਰ ਹੋਣ ਤੋਂ ਬਚਾਓ ਵਿੱਚ ਵੀ 52 ਫੀਸਦੀ ਫਾਇਦਾ ਦਿਸਿਆ ਤੇ ਮੰਨ ਲਿਆ ਗਿਆ ਕਿ ਜਿਹੜੀਆਂ ਔਰਤਾਂ ਰੈਗੂਲਰ ਤੌਰ ਉੱਤੇ ਬਾਜਰਾ ਖਾਂਦੀਆਂ ਰਹਿਣ, ਉਨ੍ਹਾਂ ਨੂੰ ਛਾਤੀ ਦਾ ਕੈਂਸਰ ਨਹੀਂ ਹੁੰਦਾ। ਜੇ ਸ਼ੁਰੂ ਹੋ ਗਿਆ ਹੈ ਤਾਂ ਵੀ ਇਲਾਜ ਦੇ ਨਾਲ ਬਾਜਰਾ ਖਾਂਦੇ ਰਹਿਣ ਨਾਲ ਬਚਣ ਦੇ ਆਸਾਰ ਵੱਧ ਜਾਂਦੇ ਹਨ। ਕਬਜ਼ ਤੋਂ ਆਰਾਮ ਤਾਂ ਮਿਲਦਾ ਹੀ ਹੈ, ਪਰ ਇਸ ਵਿਚਲਾ ਵਿਟਾਮਿਨ ਬੀ ਦਿਮਾਗ਼ ਦੇ ਕੰਮ ਕਾਰ ਨੂੰ ਵੀ ਲੰਮੇ ਸਮੇਂ ਤੱਕ ਠੀਕ ਠਾਕ ਰੱਖਦਾ ਹੈ। ਬਾਜਰੇ ਵਿਚਲਾ ਫਾਸਫੋਰਸ ਬਿੰਦੇ ਨੂੰ ਖੋਰਨ ਦਾ ਕੰਮ ਕਰਦਾ ਹੈ।

ਪੁਰਾਣੇ ਜ਼ਖ਼ਮਾਂ ਦੇ ਬਣੇ ਨਿਸ਼ਾਨ ਵੀ ਲਗਾਤਾਰ ਬਾਜਰਾ ਖਾਂਦੇ ਰਹਿਣ ਨਾਲ ਫਿੱਕੇ ਪੈਣ ਲੱਗ ਜਾਂਦੇ ਹਨ। ਬਾਜਰੇ ਵਿਚਲੇ ਅਮਾਈਨੋ ਏਸਿਡ ਕੋਲਾਜਨ ਤੇ ਈਲਾਸਟਿਨ ਬਣਾ ਦਿੰਦੇ ਹਨ ਜੋ ਝੁਰੜੀਆਂ ਨਹੀਂ ਪੈਣ ਦਿੰਦੇ ਤੇ ਬਣ ਚੁੱਕੀਆਂ ਹਲਕੀਆਂ ਝੁਰੜੀਆਂ ਨੂੰ ਵੀ ਠੀਕ ਕਰ ਦਿੰਦੇ ਹਨ। ਬਾਜਰੇ ਵਿੱਚ ਸੀਲੀਨੀਅਮ, ਵਿਟਾਮਿਨ ਈ, ਤੇ ਸੀ ਚਮੜੀ ਨੂੰ ਅਲਟਰਾਵਾਇਲਟ ਕਿਰਨਾਂ ਤੋਂ ਬਚਾਉਂਦੇ ਹਨ। ਰੰਗ ਵੀ ਸਾਫ਼ ਕਰ ਦਿੰਦੇ ਹਨ। ਇਸ ਵਿਚਲੇ ਲਾਈਪੌਇਕ ਏਸਿਡ ਸਦਕਾ ਕਿਲ ਮੁਹਾਂਸੇ ਵੀ ਨਹੀਂ ਹੁੰਦੇ।

ਵਿਟਾਮਿਨ ਬੀ, ਪੋਟਾਸ਼ੀਅਮ, ਮੈਗਨੀਸ਼ੀਅਮ, ਜ਼ਿੰਕ, ਲੋੜੀਂਦਾ ਬਿੰਦਾ, ਸਟਾਰਚ, ਬਾਇਓਟਿਨ, ਕੋਲੀਨ, ਫੋਲੇਟ, ਪੈਂਟੋਥੀਨਿਕ ਏਸਿਡ, ਰੈਟੀਨਾਇਡ, ਕੈਰੋਟੀਨਾਇਡ, ਵਿਟਾਮਿਨ ਸੀ, ਬੀਟਾ ਕੈਰੋਟੀਨ, ਲਾਈਕੋਪੀਨ, ਲਿਊਸੀਨ, ਵਿਟਾਮਿਨ ਡੀ, ਕੇ, ਈ, ਸੀਲੀਨੀਅਮ, ਫਾਸਫੋਰਸ, ਸੋਡੀਅਮ, ਆਇਓਡੀਨ, ਕੌਪਰ, ਕਰੋਮੀਅਮ, ਕੈਲਸ਼ੀਅਮ, ਬੋਰੋਨ, ਫਲੋਰਾਈਡ, ਓਮੇਗਾ ਤਿੰਨ ਤੇ ਛੇ ਫੈਟੀ ਏਸਿਡ, ਲਿਨੋਲਿਨੀਕ ਏਸਿਡ, ਓਲੀਕ ਏਸਿਡ ਨਾਲ ਲਬਾਲਬ ਬਾਜਰਾ ਬਹੁਤੇ ਰੋਗਾਂ ਤੋਂ ਬਚਾ ਕੇ ਲੰਮੀ ਤੇ ਸਿਹਤਮੰਦ ਜ਼ਿੰਦਗੀ ਦੇ ਰਿਹਾ ਹੈ। ਧਰਤੀ ਹੇਠਲਾ ਪਾਣੀ ਵੀ ਬਚਾ ਰਿਹਾ ਹੈ। ਫਿਰ ਕਿਸ ਕਰਕੇ ਪੰਜਾਬੀ ਕਣਕਾਂ ਚੌਲਾਂ ਦੇ ਚੱਕਰ ਵਿੱਚ ਫਸ ਕੇ ਨਾ ਰੋਗੀ ਸਰੀਰਾਂ ਦੀ ਗਿਣਤੀ ਵਧਾ ਰਹੇ, ਬਲਕਿ ਖ਼ੁਦਕੁਸ਼ੀਆਂ ਵੀ ਕਰ ਰਹੇ ਹਨ।

ਖ਼ੂਨ ਸਾਫ਼ ਕਰਦੀ ਹੈ ਹਲਦ

ਹਲਦੀ ਵਾਲਾ ਪਾਣੀ ਪੀਣ ਨਾਲ ਸ਼ਰੀਰ ਨੂੰ ਹੁੰਦੇ ਹਨ ਬੇਮਿਸਾਲ ਫ਼ਾਇਦੇ

ਹਲਦੀ ਦੀ ਵਰਤੋਂ ਨਾਲ ਭੋਜਨ ਸੁਆਦੀ ਬਣਦਾ ਹੈ ਅਤੇ ਇਸ ਦੇ ਨਾਨ-ਨਾਲ ਉਸ ਦਾ ਰੰਗ ਵੀ ਵਧੀਆ ਆਉਂਦਾ ਹੈ। ਹਲਦੀ ਸਰੀਰ ਨੂੰ ਸਿਹਤਮੰਦ ਬਣਾਉਣ 'ਚ ਸਹਾਈ ਹੈ। ਰੋਜ਼ਾਨਾ ਹਲਦੀ ਦੀ ਵਰਤੋਂ ਨਾਲ ਹਾਜਮਾ ਠੀਕ ਰਹਿੰਦਾ ਹੈ ਅਤੇ ਜੋੜਾਂ 'ਚ ਹੁੰਦਾ ਦਰਦ ਠੀਕ ਹੋ ਜਾਂਦਾ ਹੈ। ਨਿਰੋਗ ਰਹਿਣ ਲਈ ਹਲਦੀ ਵਾਲਾ ਪਾਣੀ ਪੀਣਾ ਚਾਹੀਦਾ ਹੈ। ਅੱਜ ਅਸੀਂ ਤੁਹਾਨੂੰ ਹਲਦੀ ਵਾਲਾ ਪਾਣੀ ਪੀਣ ਦੇ ਫ਼ਾਇਦਿਆਂ ਬਾਰੇ ਦੱਸਣ ਜਾ ਰਹੇ ਹਾਂ। ਆਓ ਜਾਣਦੇ ਹਾਂ ਉਨ੍ਹਾਂ ਬਾਰੇ...

1. ਹਲਦੀ ਵਾਲਾ ਪਾਣੀ ਪੀਣ ਨਾਲ ਖ਼ੂਨ ਸਾਫ਼ ਹੁੰਦਾ ਹੈ, ਜਿਸ ਨਾਲ ਸਕਿਨ ਸੰਬੰਧੀ ਪ੍ਰੇਸ਼ਾਨੀਆਂ ਖਤਮ ਹੁੰਦੀਆਂ ਹਨ।
2. ਇਸ ਪਾਣੀ ਨੂੰ ਲਗਾਤਾਰ ਪੀਂਦੇ ਰਹਿਣ ਨਾਲ ਕੋਲੈਸਟਰੌਲ ਠੀਕ ਰਹਿੰਦਾ ਹੈ, ਜਿਸ ਨਾਲ ਦਿਲ ਸੰਬੰਧੀ ਬੀਮਾਰੀਆਂ ਨਹੀਂ ਹੁੰਦੀਆਂ।
3. ਗਰਮ ਪਾਣੀ 'ਚ ਨਿੰਬੂ, ਹਲਦੀ ਪਾਊਡਰ ਅਤੇ ਸ਼ਹਿਦ ਮ

ਪੰਜਾਬ ਨੇ ਜੀ.ਸੀ.ਸੀ. ਅਤੇ ਸੀ.ਆਈ.ਐਸ. ਰਾਜਦੂਤਾਂ ਦੀਆਂ ਗੋਲਮੇਜ਼ ਮੀਟਿੰਗਾਂ ਰਾਹੀਂ ਵਿਸ਼ਵਵਿਆਪੀ ਭਾਈਵਾਲੀ ਦੀਆਂ ਤੰਦਾਂ ਕੀਤੀਆਂ ਮਜ਼ਬੂਤ

ਰਾਜਦੂਤਾਂ ਨੇ ਸੂਬੇ ਦੇ ਸਰਗਰਮ ਪਹੁੰਚ ਦੀ ਕੀਤੀ ਸ਼ਲਾਘਾ ਕੀਤੀ ਅਤੇ ਨਿਵੇਸ਼, ਵਪਾਰ ਤੇ ਖੇਤਰੀ ਭਾਈਵਾਲੀ ਦੀ ਕੀਤੀ ਪੜਚੋਲ

ਨਵੀਂ ਦਿੱਲੀ, 1 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

6ਵੇਂ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ (ਪੀ.ਪੀ.ਆਈ.ਐਸ.) 2026 ਤੋਂ ਪਹਿਲਾਂ ਆਪਣੇ ਅੰਤਰਰਾਸ਼ਟਰੀ ਪਹੁੰਚ ਦੇ ਹਿੱਸੇ ਵਜੋਂ ਪੰਜਾਬ ਸਰਕਾਰ ਨੇ ਅੱਜ ਨਵੀਂ ਦਿੱਲੀ ਵਿਖੇ ਖਾੜੀ ਸਹਿਯੋਗ ਪ੍ਰੀਸ਼ਦ (ਜੀ.ਸੀ.ਸੀ.) ਦੇਸ਼ਾਂ ਅਤੇ ਸੁਤੰਤਰ ਰਾਜਾਂ ਦੇ ਰਾਸ਼ਟਰਮੰਡਲ (ਸੀ.ਆਈ.ਐਸ.) ਖੇਤਰ ਦੇ ਰਾਜਦੂਤਾਂ ਨਾਲ ਦੋ ਗੋਲਮੇਜ਼ ਮੀਟਿੰਗਾਂ ਕੀਤੀਆਂ।

ਇਨ੍ਹਾਂ ਮੀਟਿੰਗਾਂ ਦੀ ਪ੍ਰਧਾਨਗੀ ਉਦਯੋਗ ਅਤੇ ਵਣਜ, ਨਿਵੇਸ਼ ਪ੍ਰਮੋਸ਼ਨ, ਬਿਜਲੀ ਅਤੇ ਪ੍ਰਵਾਸੀ ਭਾਰਤੀ ਮਾਮਲੇ ਬਾਰੇ ਮੰਤਰੀ ਸ੍ਰੀ ਸੰਜੀਵ ਅਰੋੜਾ ਨੇ ਕੀਤੀ ਅਤੇ ਇਹਨਾਂ ਮੀਟਿੰਗਾਂ ਵਿੱਚ ਰਾਜਦੂਤਾਂ, ਸੀਨੀਅਰ ਕੂਟਨੀਤਕ ਨੁਮਾਇੰਦਿਆਂ, ਵਿਦੇਸ਼ ਮੰਤਰਾਲੇ (ਐਮਈਏ) ਦੇ ਅਧਿਕਾਰੀਆਂ ਅਤੇ ਪੰਜਾਬ ਸਰਕਾਰ ਦੇ ਸੀਨੀਅਰ ਅਧਿਕਾਰੀਆਂ ਨੇ ਹਿੱਸਾ ਲਿਆ। ਦੋਵੇਂ ਮੀਟਿੰਗਾਂ ਸ੍ਰੀ ਕੇ.ਕੇ. ਯਾਦਵ, ਆਈਏਐਸ, ਪ੍ਰਸ਼ਾਸਕੀ ਸਕੱਤਰ, ਨਿਵੇਸ਼ ਪ੍ਰਮੋਸ਼ਨ ਵਿਭਾਗ ਦੇ ਸਵਾਗਤੀ ਭਾਸ਼ਣਾਂ ਨਾਲ ਸ਼ੁਰੂ ਹੋਈਆਂ। ਇਸ ਉਪਰੰਤ ÷ਐਡਵਾਂਟੇਜ ਪੰਜਾਬ÷ ਪੇਸ਼ਕਾਰੀ ਦਿੱਤੀ ਗਈ ਜਿਸ ਵਿੱਚ ਸੂਬੇ ਦੇ ਮਜ਼ਬੂਤ ਉਦਯੋਗਿਕ ਮਾਹੌਲ, ਨਿਵੇਸ਼ ਲਈ ਤਿਆਰ ਬੁਨਿਆਦੀ ਢਾਂਚੇ, ਨੀਤੀਗਤ ਸੁਧਾਰਾਂ ਅਤੇ ਖੇਤੀਬਾੜੀ, ਖੇਤੀਬਾੜੀ-ਤਕਨੀਕ, ਫੂਡ ਪ੍ਰੋਸੈਸਿੰਗ, ਆਈਟੀ, ਸਿਹਤ ਸੰਭਾਲ ਤੇ ਨਿਰਮਾਣ ਵਿੱਚ ਉੱਭਰ ਰਹੀਆਂ ਸੰਭਾਵਨਾਵਾਂ 'ਤੇ ਚਾਨਣਾ ਪਾਇਆ ਗਿਆ।

ਜੀ.ਸੀ.ਸੀ. ਗੋਲਮੇਜ਼ ਮੀਟਿੰਗ ਵਿੱਚ ਕੁਵੈਤ, ਓਮਾਨ, ਕਤਰ ਅਤੇ ਬਹਿਰੀਨ ਦੇ ਰਾਜਦੂਤਾਂ ਨੇ ਸ਼ਿਰਕਤ ਕੀਤੀ, ਜੋ ਕਿ ਪੰਜਾਬ ਨਾਲ ਆਰਥਿਕ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਜੀਸੀਸੀ ਬਲਾਕ ਦੀਆਂ ਸਮੂਹਿਕ ਤਿਆਰੀਆਂ ਨੂੰ ਦਰਸਾਉਂਦਾ ਹੈ। ਜੀ.ਸੀ.ਸੀ. ਰਾਜਦੂਤਾਂ ਨੇ ਪੰਜਾਬ ਦੀ ਪੇਸ਼ਕਾਰੀ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਜੀ.ਸੀ.ਸੀ. ਖੇਤਰ ਅਪਣੀਆਂ ਵਿਸ਼ਵ ਪੱਧਰੀ ਬੰਦਰਗਾਹਾਂ, ਮਜ਼ਬੂਤ ਲੌਜਿਸਟਿਕਸ ਪ੍ਰਣਾਲੀਆਂ ਅਤੇ ਅਫਰੀਕਾ, ਯੂਰਪ ਅਤੇ ਅਮਰੀਕਾ ਨਾਲ ਵਿਆਪਕ ਗਲੋਬਲ ਸੰਪਰਕ ਦੇ ਮੱਦੇਨਜ਼ਰ ਪੰਜਾਬ ਅਤੇ ਭਾਰਤ ਲਈ ਇੱਕ ਪ੍ਰਮੁੱਖ ਨਿਰਯਾਤ ਗੇਟਵੇ ਵਜੋਂ ਕੰਮ ਕਰ ਸਕਦਾ ਹੈ। ਉਨ੍ਹਾਂ ਨੇ ਪੰਜਾਬ ਦੀਆਂ ਨਿਰਮਾਣ ਸਮਰੱਥਾਵਾਂ, ਹੁਨਰਮੰਦ ਕਾਰਜਬਲ ਅਤੇ ਉੱਦਮੀ ਅਧਾਰ ਅਤੇ ਜੀ.ਸੀ.ਸੀ. ਦੀਆਂ ਆਰਥਿਕ ਵਿਭਿੰਨਤਾ ਦਰਮਿਆਨ ਮਜ਼ਬੂਤ ਸਬੰਧਾਂ ਦਾ ਜ਼ਿਕਰ ਕੀਤਾ।

ਸੀ.ਆਈ.ਐਸ. ਗੋਲਮੇਜ਼ ਮੀਟਿੰਗ ਵਿੱਚ ਕਜ਼ਾਕਿਸਤਾਨ, ਰੂਸ, ਅਰਮੀਨੀਆ ਅਤੇ ਬੇਲਾਰੂਸ ਦੇ ਰਾਜਦੂਤਾਂ ਨੇ ਸ਼ਿਰਕਤ ਕੀਤੀ, ਜਿਨ੍ਹਾਂ ਨੇ ਪੰਜਾਬ ਨਾਲ ਲੰਬੇ ਸਮੇਂ ਦੀ ਭਾਈਵਾਲੀ ਨੂੰ ਮਜ਼ਬੂਤ ਕਰਨ ਵਿੱਚ ਡੂੰਘੀ ਦਿਲਚਸਪੀ ਦਿਖਾਈ। ਕਜ਼ਾਕਿਸਤਾਨ ਦੇ ਰਾਜਦੂਤ ਨੇ ਸਿੱਖਿਆ, ਸੈਰ-ਸਪਾਟਾ ਅਤੇ ਸੱਭਿਆਚਾਰ ਅਤੇ ਵਪਾਰ ਤੇ ਨਿਰਯਾਤ ਨੂੰ ਸਹਿਯੋਗ ਦੇ ਤਿੰਨ ਮੁੱਖ ਥੰਮ੍ਹਾਂ ਵਜੋਂ ਉਜਾਗਰ ਕੀਤਾ ਅਤੇ ਪੰਜਾਬ ਦੀਆਂ

ਮਜ਼ਬੂਤ ਅਕਾਦਮਿਕ ਸੰਸਥਾਵਾਂ, ਆਧੁਨਿਕ ਖੇਤੀਬਾੜੀ ਅਭਿਆਸਾਂ ਅਤੇ ਜੀਵੰਤ ਸੈਰ-ਸਪਾਟਾ ਦੀਆਂ ਅਥਾਹ ਸੰਭਾਵਨਾਵਾਂ ਦਾ ਜ਼ਿਕਰ ਕੀਤਾ।

ਰੂਸੀ ਸੰਘ ਦੇ ਰਾਜਦੂਤ ਨੇ ਪੰਜਾਬ ਨਾਲ ਖੇਤੀਬਾੜੀ ਵਪਾਰ, ਖਾਸ ਕਰਕੇ ਚੌਲਾਂ ਅਤੇ ਟਮਾਟਰ ਉਤਪਾਦਾਂ ਦੇ ਵਾਪਰ ਦੇ ਵਿਸਥਾਰ ਸਬੰਧੀ ਅਥਾਹ ਸੰਭਾਵਨਾਵਾਂ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਰੇਲਵੇ, ਪੈਟਰੋ ਕੈਮੀਕਲ, ਫਿਨਟੈਕ, ਆਰਟੀਫੀਸ਼ੀਅਲ ਇੰਟੈਲੀਜੈਂਸ, ਏਰੋਸਪੇਸ, ਬੈਂਕਿੰਗ ਅਤੇ ਵਿੱਤੀ ਸੇਵਾਵਾਂ ਵਿੱਚ ਸਹਿਯੋਗ ਦੇ ਮੌਕਿਆਂ ਨੂੰ ਉਜਾਗਰ ਕੀਤਾ। ਉਨ੍ਹਾਂ ਨੇ ਅਗਾਮੀ ਰੂਸ-ਭਾਰਤ ਦੀ ਨੈਸ਼ਨਲ ਲੈਵਲ ਕਲੈਬੋਰੇਸ਼ਨ ਫੋਰਮ ਵਿੱਚ ਸ਼ਾਮਲ ਹੋਣ ਲਈ ਪੰਜਾਬ ਦੀ ਦਿਲਚਸਪੀ ਦਾ ਵੀ ਸਵਾਗਤ ਕੀਤਾ।

ਅਰਮੀਨੀਆ ਦੇ ਰਾਜਦੂਤ ਨੇ ਸੀ.ਆਈ.ਐਸ. ਦੇਸ਼ਾਂ ਤੱਕ ਪੰਜਾਬ ਦੀ ਸਰਗਰਮ ਪਹੁੰਚ ਦੀ ਸ਼ਲਾਘਾ ਕੀਤੀ ਅਤੇ ਖੇਤੀਬਾੜੀ ਤਕਨੀਕ, ਡੇਅਰੀ, ਆਈਟੀ ਸੇਵਾਵਾਂ ਅਤੇ ਨਵਿਆਉਣਯੋਗ ਊਰਜਾ ਵਿੱਚ ਭਾਈਵਾਲੀ ਕਰਨ ਦੀ ਦਿਲਚਸਪੀ ਜ਼ਾਹਰ ਕੀਤੀ। ਉਨ੍ਹਾਂ ਨੇ ਸੈਰ-ਸਪਾਟਾ ਪ੍ਰਬੰਧਨ ਅਤੇ ਹੁਨਰ ਵਿਕਾਸ ਵਿੱਚ ਲੋਕਾਂ ਦਰਮਿਆਨ ਸਾਂਝ, ਸਾਲਾਨਾ ਸੱਭਿਆਚਾਰਕ ਤਿਉਹਾਰਾਂ ਅਤੇ ਯੂਨੀਵਰਸਿਟੀ-ਪੱਧਰੀ ਸਹਿਯੋਗ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ।

ਬੇਲਾਰੂਸ ਦੇ ਰਾਜਦੂਤ ਨੇ ਸੀ.ਆਈ.ਐਸ. ਖੇਤਰ ਨਾਲ ਸਿੱਧੀ ਸ਼ਮੂਲੀਅਤ ਸ਼ੁਰੂ ਕਰਨ ਲਈ ਪੰਜਾਬ ਸਰਕਾਰ ਨੂੰ ਵਧਾਈ ਦਿੱਤੀ ਅਤੇ ਖੇਤੀਬਾੜੀ ਸਿੱਖਿਆ ਅਤੇ ਖੇਤੀ-ਮਸ਼ੀਨਰੀ ਦੇ ਨਿਰਮਾਣ ਵਿੱਚ ਬੇਲਾਰੂਸ ਦੀ ਮੁਹਾਰਤ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਪੰਜਾਬ ਦੇ ਉਦਯੋਗ ਜਗਤ ਅਤੇ ਸਰਕਾਰ ਨੂੰ ਜੂਨ 2026 ਵਿੱਚ ਹੋਣ ਵਾਲੀ ਬੇਲਾਰੂਸ ਦੀ ਸਾਲਾਨਾ ਖੇਤੀ ਪ੍ਰਦਰਸ਼ਨੀ ਵਿੱਚ ਹਿੱਸਾ ਲੈਣ ਲਈ ਸੱਦਾ ਦਿੱਤਾ, ਜੋ ਕਾਰੋਬਾਰ -ਤੋਂ- ਕਾਰੋਬਾਰ ਸਬੰਧੀ ਮੀਟਿੰਗਾਂ ਅਤੇ ਤਕਨਾਲੋਜੀ ਭਾਈਵਾਲੀ ਲਈ ਇੱਕ ਢੁੱਕਵਾਂ ਮੰਚ ਹੈ।

ਇਸ ਦੌਰਾਨ ਸੰਬੋਧਨ ਕਰਦੇ ਹੋਏ, ਮੰਤਰੀ ਸੰਜੀਵ ਅਰੋੜਾ ਨੇ ਪੰਜਾਬ ਦੇ ਪ੍ਰਗਤੀਸ਼ੀਲ ਸੁਧਾਰਾਂ 'ਤੇ ਚਾਨਣਾ ਪਾਇਆ, ਜਿਸ ਵਿੱਚ ਕਾਰੋਬਾਰ ਅਧਿਕਾਰ ਐਕਟ ਅਤੇ ਇਨਹੈਂਸਡ ਫਾਸਟਟ੍ਰੈਕ ਪੰਜਾਬ ਸਿੰਗਲ-ਵਿੰਡੋ ਸਿਸਟਮ ਸ਼ਾਮਲ ਹੈ, ਜੋ ਹੁਣ ਭਾਰਤ ਦਾ ਸਭ ਤੋਂ ਉੱਨਤ ਡਿਜੀਟਲ ਨਿਵੇਸ਼ਕ ਸਹੂਲਤ ਪਲੇਟਫਾਰਮ ਹੈ। ਉਨ੍ਹਾਂ ਨੇ ਜੀ.ਸੀ.ਸੀ. ਅਤੇ ਸੀਆਈਐਸ ਮੈਂਬਰ ਦੇਸ਼ਾਂ ਨੂੰ ਨਿਰਮਾਣ ਅਤੇ ਸੇਵਾਵਾਂ ਲਈ ਪੰਜਾਬ ਨੂੰ ਪਹਿਲੀ ਪਸੰਦ ਵਜੋਂ ਚੁਣਨ ਅਤੇ ਇਨਵੈਸਟ ਪੰਜਾਬ ਰਾਹੀਂ ਖੇਤਰ - ਵਿਸ਼ੇਸ਼ ਭਾਈਵਾਲੀ ਨੂੰ ਅਕਰਸ਼ਿਤ ਕਰਨ ਲਈ ਉਤਸ਼ਾਹਿਤ ਕੀਤਾ।

ਗੱਲਬਾਤ ਦੌਰਾਨ ਕੈਬਿਨਟ ਮੰਤਰੀ ਸੰਜੀਵ ਅਰੋੜਾ ਨੇ ਜੀਸੀਸੀ ਅਤੇ ਸੀਆਈਐਸ ਦੇਸ਼ਾਂ ਦੇ ਰਾਜਦੂਤਾਂ ਅਤੇ ਵਪਾਰਕ ਵਫ਼ਦਾਂ ਨੂੰ ਪੰਜਾਬ ਪ੍ਰਗਤੀਸ਼ੀਲ ਨਿਵੇਸ਼ਕ ਸੰਮੇਲਨ 2026 ਵਿੱਚ ਹਿੱਸਾ ਲੈਣ ਅਤੇ ਖੇਤੀਬਾੜੀ, ਖੇਤੀ-ਤਕਨੀਕ, ਡੇਅਰੀ, ਆਈ.ਟੀ. ਸੇਵਾਵਾਂ, ਸਿੱਖਿਆ, ਸੈਰ-ਸਪਾਟਾ, ਮੈਡੀਕਲ ਅਤੇ ਸਿਹਤ ਸੰਭਾਲ ਈਕੋਸਿਸਟਮ ਅਤੇ ਬੁਨਿਆਦੀ ਢਾਂਚੇ ਵਿੱਚ ਨਿਵੇਸ਼ ਦੇ ਮੌਕਿਆਂ ਦੀ ਪੜਚੋਲ ਕਰਨ ਲਈ ਰਸਮੀ ਤੌਰ 'ਤੇ ਸੱਦਾ ਦਿੱਤਾ।

ਇਸਦੇ ਨਾਲ ਹੀ ਕੈਬਿਨਟ ਮੰਤਰੀ ਨੇ ਉਨ੍ਹਾਂ ਨੂੰ ਰਾਸ਼ਟਰੀ ਅਤੇ ਸੱਭਿਆਚਾਰਕ ਮਹੱਤਵ ਵਾਲੇ ਸਥਾਨਾਂ ਸਮੇਤ ਪੰਜਾਬ ਦਾ ਦੌਰਾ ਕਰਨ ਦਾ ਸੱਦਾ ਦਿੰਦਿਆਂ ਸੂਬੇ ਵਿੱਚ ਨਿਵੇਸ਼ ਪੱਖੀ ਨੀਤੀਆਂ, ਸਮਾਂ-ਬੱਧ ਪ੍ਰਵਾਨਗੀਆਂ ਅਤੇ ਵਿਸ਼ਵ ਪੱਧਰ 'ਤੇ ਮੁਕਾਬਲੇ ਵਾਲਾ ਵਪਾਰਕ ਮਾਹੌਲ ਪ੍ਰਦਾਨ ਕਰਨ ਸਬੰਧੀ ਸੂਬਾ ਸਰਕਾਰ ਦੀ ਵਚਨਬੱਧਤਾ ਦੀ ਪੁਸ਼ਟੀ ਕੀਤੀ।

ਇਨ੍ਹਾਂ ਮੀਟਿੰਗਾਂ ਵਿੱਚ ਵਿਦੇਸ਼ ਮੰਤਰਾਲੇ ਦੇ ਇੱਕ ਸੀਨੀਅਰ ਅਧਿਕਾਰੀ ਨੇ ਵੀ ਹਿੱਸਾ ਲਿਆ ਅਤੇ ਪੰਜਾਬ ਦੀ ਨਿਸ਼ਾਨਾਬੱਧ, ਖੇਤਰ-ਵਿਸ਼ੇਸ਼ ਸ਼ਮੂਲੀਅਤ ਰਣਨੀਤੀ ਦੀ ਸ਼ਲਾਘਾ ਕੀਤੀ ਅਤੇ ਭਾਰਤ ਦੀ ਵਿਆਪਕ ਆਰਥਿਕ ਕੂਟਨੀਤੀ ਅਤੇ ਵਿਸ਼ਵ ਪੱਧਰ 'ਤੇ ਕਾਰੋਬਾਰ ਦੇ ਵਿਸਥਾਰ ਵਿੱਚ ਪੰਜਾਬ ਦੇ ਅਹਿਮ ਯੋਗਦਾਨ ਨੂੰ ਮਾਨਤਾ ਦਿੱਤੀ।

ਦੋਵਾਂ ਜੀਸੀਸੀ ਅਤੇ ਸੀਆਈਐਸ ਖੇਤਰ ਦੇ ਰਾਜਦੂਤਾਂ ਨੇ ਪੰਜਾਬ ਵੱਲੋਂ ਪਹਿਲੀ ਵਾਰ ਇੱਕ ਢਾਂਚਾਗਤ ਅਤੇ ਖੇਤਰ-ਕੇਂਦ੍ਰਿਤ ਅੰਤਰਰਾਸ਼ਟਰੀ ਆਊਟਰੀਚ ਮਾਡਲ ਅਪਣਾਉਣ ਲਈ ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਪ੍ਰਸ਼ੰਸਾ ਕੀਤੀ ਅਤੇ ਵਪਾਰਕ ਵਫ਼ਦਾਂ ਨੂੰ ਸਹੂਲਤ ਦੇਣ, ਖੇਤਰੀ ਭਾਈਵਾਲੀ ਦਾ ਸਮਰਥਨ ਕਰਨ ਅਤੇ ਵਪਾਰ ਅਤੇ ਸੱਭਿਆਚਾਰਕ ਸਬੰਧਾਂ ਦੇ ਆਦਾਨ-ਪ੍ਰਦਾਨ ਵਿੱਚ ਪੰਜਾਬ ਨਾਲ ਰਲ ਕੇ ਚੱਲਣ ਦੀ ਲਈ ਸਹਿਮਤੀ ਪ੍ਰਗਟਾਈ।

ਇਨ੍ਹਾਂ ਗੋਲਮੇਜ਼ ਮੀਟਿੰਗਾਂ ਦੀ ਸਫ਼ਲ ਸਮਾਪਤੀ ਦੋਵਾਂ ਧਿਰਾਂ ਵੱਲੋਂ ਮਾਰਚ 2026 ਵਿੱਚ ਹੋਣ ਵਾਲੇ ਪ੍ਰਗਤੀਸ਼ੀਲ ਪੰਜਾਬ ਨਿਵੇਸ਼ਕ ਸੰਮੇਲਨ ਵਿੱਚ ਜੀਸੀਸੀ ਅਤੇ ਸੀਆਈਐਸ ਦੀ ਭਾਗੀਦਾਰੀ ਨੂੰ ਵਧਾਉਣ ਲਈ ਨਜ਼ਦੀਕੀ ਤਾਲਮੇਲ ਬਣਾਈ ਰੱਖਣ ਅਤੇ ਤਿਆਰੀਆਂ ਨੂੰ ਹੋਰ ਤੇਜ਼ ਕਰਨ ਦੀ ਸਹਿਮਤੀ ਨਾਲ ਹੋਈ।

ਬਿਜਲੀ ਦੇ ਖੰਭਿਆਂ ਤੋਂ ਐਲਮੀਨੀਅਮ ਦੀਆਂ ਤਾਰਾਂ ਚੋਰੀ

ਬਨੂੜ, 1 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਥਾਣਾ ਬਨੂੜ ਅਧੀਨ ਪੈਂਦੇ ਇਲਾਕੇ ਵਿਚ ਰੋਜ਼ਾਨਾ ਬਿਜਲੀ ਦੇ ਖੰਭਿਆਂ ਤੋਂ ਐਲੂਮੀਨੀਅਮ ਦੀਆਂ ਤਾਰਾ, ਕਿਸਾਨਾਂ ਦੀਆਂ ਟਿਊਬਵੈੱਲ ਦੀ ਕੇਬਲ ਤਾਰ, ਸਟਾਰਟਰ ਅਤੇ ਹੋਰ ਸਾਮਾਨ ਚੋਰੀ ਹੋਣ ਦੀਆਂ ਘਟਨਾਵਾਂ ਨਿਰੰਤਰ ਵਾਪਰ ਰਹੀਆਂ ਹਨ। ਬੀਤੀ ਰਾਤ ਚੋਰ ਗਿਰੋਹ ਨੇ ਬਿਜਲੀ ਗਰਿੱਡ ਗੱਜੂਖੇੜਾ ਅਧੀਨ ਪੈਂਦੇ ਪਿੰਡ ਦੇਵੀ ਨਗਰ (ਅਬਰਾਵਾਂ) 'ਚ ਲੱਗੇ ਬਿਜਲੀ ਦੇ ਖੰਭਿਆਂ ਤੋਂ ਐਲੂਮੀਨੀਅਮ ਦੀਆਂ ਤਾਰਾਂ ਚੋਰੀ ਕਰ ਲਈਆਂ ਹਨ।

ਗੱਜੂਖੇੜਾ ਦੇ ਐੱਸ. ਡੀ. ਓ. ਪ੍ਰਦੀਪ ਸਿੰਘ ਨੇ ਥਾਣਾ ਬਨੂੜ ਦੇ ਮੁਖੀ ਨੂੰ ਲਿਖਤੀ ਸ਼ਿਕਾਇਤ ਭੇਜ ਕੇ ਬਿਜਲੀ ਦੀਆਂ ਤਾਰਾਂ ਚੋਰੀ ਕਰਨ ਵਾਲੇ ਗਿਰੋਹ ਨੂੰ ਕਾਬੂ ਕਰਨ ਦੀ ਮੰਗ ਕੀਤੀ ਹੈ। ਜਾਣਕਾਰੀ ਦਿੰਦਿਆਂ ਪ੍ਰਦੀਪ ਸਿੰਘ ਗੱਜੂਖੇੜਾ ਨੇ ਦੱਸਿਆ ਕਿ ਇਲਾਕੇ 'ਚ ਰੋਜ਼ਾਨਾ ਬਿਜਲੀ ਦੇ ਖੰਭਿਆਂ ਤੋਂ ਐਲੂਮੀਨੀਅਮ ਦੀਆਂ ਤਾਰਾ ਚੋਰੀ ਹੋ ਰਹੀਆਂ ਹਨ।

ਬੀਤੇ ਕੁਝ ਦਿਨ ਪਹਿਲਾਂ 66 ਕੇ. ਵੀ. ਬਿਜਲੀ ਗਰਿੱਡ ਗੱਜੂਖੇੜਾ ਤੋਂ ਕੇਹਰਗੜ੍ਹ ਨੂੰ ਜਾਣ ਵਾਲੀ ਬਿਜਲੀ ਲਾਈਨ ਤੋਂ ਗੁਰਦਿੱਤ ਪੁਰਾ ਨੱਤਿਆ ਨੇੜੇ ਬਿਜਲੀ ਦੇ ਖੰਭਿਆਂ ਤੋਂ ਐਲੂਮੀਨੀਅਮ ਦੀਆਂ ਤਾਰਾ ਚੋਰੀ ਹੋ ਗਈਆਂ ਸਨ। ਇਸ ਤੋਂ ਬਾਅਦ ਪਿੰਡ ਉੜਦਨ ਨੂੰ ਜਾਂਦੀ ਬਿਜਲੀ ਦੀ ਲਾਈਨ ਦੇ ਖੰਭਿਆਂ ਤੋਂਐਲੂਮੀਨੀਅਮ ਦੀਆਂ ਤਾਰਾਂ ਚੋਰੀ ਕਰ ਲਈਆਂ ਸਨ। ਬੀਤੀ ਰਾਤ ਇਸ ਚੋਰ ਗਿਰੋਹ ਨੇ ਪਿੰਡ ਦੇਵੀ ਨਗਰ (ਅਬਰਾਵਾਂ) ਨੂੰ ਜਾਣ ਵਾਲੀ ਬਿਜਲੀ ਦੀ ਲਾਈਨ ਦੇ ਖੰਭਿਆਂ ਤੋਂਐਲੂਮੀਨੀਅਮ ਦੀਆਂ ਤਾਰਾਂ ਚੋਰੀ ਕਰ ਲਈਆਂ ਹਨ। ਪਾਵਰਕਾਮ ਦੇ ਅਧਿਕਾਰੀ ਨੇ ਦੱਸਿਆ ਕਿ ਅਣਪਛਾਤੇ ਚੋਰ ਗਿਰੋਹ ਵੱਲੋਂ ਰੋਜ਼ਾਨਾ ਬਿਜਲੀ ਦੀਆਂ ਤਾਰਾਂ ਚੋਰੀ ਕੀਤੇ ਜਾਣ ਕਾਰਨ ਵਿਭਾਗ ਨੂੰ ਲੱਖਾਂ ਰੁਪਏ ਦਾ ਨੁਕਸਾਨ ਹੋ ਰਿਹਾ ਹੈ। ਉਨ੍ਹਾਂ ਲਿਖਤੀ ਸ਼ਿਕਾਇਤ ਥਾਣਾ ਮੁਖੀ ਬਨੂੜ ਨੂੰ ਭੇਜ ਕੇ ਇਸ ਚੋਰ ਗਿਰੋਹ ਨੂੰ ਕਾਬੂ ਕਰਨ ਦੀ ਮੰਗ ਕੀਤੀ ਹੈ।

11 ਤੋਂ 13 ਦਸੰਬਰ ਤੱਕ ਮਾਲੇਰਕੋਟਲਾ ਵਿਖੇ ਹੋਵੇਗਾ ਸੂਫ਼ੀ ਫੈਸਟੀਵਲ : ਡਿਪਟੀ ਕਮਿਸ਼ਨਰ

ਮਲੇਰਕੋਟਲਾ, 1 ਦਸੰਬਰ
-ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਨੇ ਸੂਫ਼ੀ ਫੈਸਟੀਵਲ ਲਈ ਕੀਤੇ ਜਾ ਰਹੇ ਅਗੇਤੇ ਪ੍ਰਬੰਧਾਂ ਦੀ ਸਮੀਖਿਆ ਕਰਦਿਆਂ ਦੱਸਿਆ ਕਿ ਮੁੱਖ ਮੰਤਰੀ ਸ. ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸੂਬੇ ਦੀ ਅਮੀਰ ਵਿਰਾਸਤ, ਰੂਹਾਨੀਅਤ ਅਤੇ ਸੱਭਿਆਚਾਰ ਨੂੰ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਚਾਰਿਤ ਕਰਨ ਲਈ ਵਚਨਬੱਧ ਹੈ। ਇਸੇ ਉਦੇਸ਼ ਦੀ ਪੂਰਤੀ ਲਈ 11 ਤੋਂ 13 ਦਸੰਬਰ ਤੱਕ ਸਰਕਾਰੀ ਕਾਲਜ ਮਾਲੇਰਕੋਟਲਾ ਵਿਖੇ ਮਾਲੇਰਕੋਟਲਾ ਸੂਫ਼ੀ ਫੈਸਟੀਵਲ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਫੈਸਟੀਵਲ ਦੌਰਾਨ ਪ੍ਰਸਿੱਧ ਕਲਾਕਾਰ ਆਪਣੇ ਸੂਫ਼ੀ ਸੰਗੀਤ ਰਾਹੀਂ ਦਰਸ਼ਕਾਂ ਨੂੰ ਰੂਹਾਨੀ ਰੰਗ ਵਿੱਚ ਰੰਗਣਗੇ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸੈਰ-ਸਪਾਟਾ ਅਤੇ ਸਭਿਆਚਾਰਕ ਮਾਮਲੇ ਵਿਭਾਗ ਦੇ ਸਹਿਯੋਗ ਨਾਲ ਹੋਣ ਵਾਲੇ ਇਸ ਫੈਸਟੀਵਲ ਵਿੱਚ ਮਾਲੇਰਕੋਟਲਾ ਦੀ ਸਭਿਆਚਾਰਕ ਪਛਾਣ, ਕਲਾ, ਰਵਾਇਤੀ ਫਨ ਅਤੇ ਸਥਾਨਕ ਕਲਾਕਾਰਾਂ ਨੂੰ ਇੱਕ ਮੰਚ 'ਤੇ ਲਿਆਂਦਾ ਜਾਵੇਗਾ ਤਾਂ ਜੋ ਉਹ ਆਪਣੀ ਕਲਾ ਦੀ ਪੇਸ਼ਕਾਰੀ ਕਰ ਸਕਣ। ਉਨ੍ਹਾਂ ਕਿਹਾ ਕਿ ਜਿੱਥੇ ਫਨਕਾਰਾਂ ਨੂੰ ਆਪਣੀ ਕਲਾ ਦੀ ਪੇਸ਼ਕਾਰੀ ਲਈ ਬੇਮਿਸਾਲ ਮੌਕਾ ਮਿਲੇਗਾ ਉੱਥੇ ਹੀ ਨੌਜਵਾਨ ਪੀੜ੍ਹੀ ਵੀ ਆਪਣੇ ਸੱਭਿਆਚਾਰ ਅਤੇ ਵਿਰਾਸਤ ਦੇ ਹੋਰ ਨੇੜੇ ਹੋਵੇਗੀ।

ਉਨ੍ਹਾਂ ਅਧਿਕਾਰੀਆਂ ਨੂੰ ਸੂਫ਼ੀ ਫ਼ੈਸਟੀਵਲ ਦੇ ਅਗੇਤੇ ਪ੍ਰਬੰਧ ਨਿਯਮਤ ਸਮੇਂ ਅੰਦਰ ਕਰਨ ਦੇ ਨਿਰਦੇਸ਼ ਦਿੰਦਿਆਂ ਕਿਹਾ ਕਿ ਕਿਸੇ ਵੀ ਤਰ੍ਹਾਂ ਦੀ ਕੁਤਾਹੀ ਅਤੇ ਅਣਗਹਿਲੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਪੁਲਿਸ ਪ੍ਰਸ਼ਾਸਨ ਨੂੰ ਸੁਰੱਖਿਆ ਅਤੇ ਟਰੈਫਿਕ ਪ੍ਰਬੰਧ ਬੇਹਤਰ ਕਰਨ ਲਈ ਹਦਾਇਤਾਂ ਦਿੱਤੀਆਂ। ਉਨ੍ਹਾਂ ਸਮਾਗਮ ਵਾਲੀ ਥਾਂ ਅਤੇ ਆਲ਼ੇ ਦੁਆਲ਼ੇ ਦੀ ਸਾਫ਼ ਸਫ਼ਾਈ, ਪਖਾਨਿਆਂ, ਪਾਰਕਿੰਗ ਵਾਲੇ ਸਥਾਨ ਦੀ ਸਾਫ਼ ਸਫ਼ਾਈ ਦੇ ਪ੍ਰਬੰਧ ਕਰਨ ਲਈ ਨਿਰਦੇਸ਼ ਦਿੱਤੇ।

ਉਨ੍ਹਾਂ ਸਬੰਧਿਤ ਅਧਿਕਾਰੀਆਂ ਨੂੰ ਪੀਣ ਵ

ਅੰਮ੍ਰਿਤਸਰ ਸਿ.ਫਤੀ ਦਾ ਘਰ

• ਪਰਲਾਦ ਸਿੰਘ ਨਾਰੰਗਵਾਲ

ਸ੍ਰੀ ਅੰਮ੍ਰਿਤਸਰ ਸਾਹਿਬ ਸਿੱਖ ਕੌਮ ਦਾ ਸਰਬ-ਸ੍ਰੇਸ਼ਟ ਧਾਰਮਿਕ ਕੇਂਦਰ ਹੈ। ਅੰਮ੍ਰਿਤਸਰ ਦੀ ਪਾਵਨ ਧਰਤੀ ਨੂੰਦਸ 'ਚੋਂ ਸੱਤ ਗੁਰੂ ਸਾਹਿਬਾਨ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਹੈ।ਇਥੇ ਸੱਤਵੇਂ ਪਾਤਸ਼ਾਹ ਗੁਰੂ ਹਰਿਕ੍ਰਿਸ਼ਨ ਸਾਹਿਬ ਅਤੇ ਦਸਮ ਪਿਤਾਗੁਰੂ ਗੋਬਿੰਦ ਸਿੰਘ ਨਹੀਂ ਆ ਸਕੇ। ਇਹ ਉਹ ਪਾਵਨ ਗੁਰੂ ਕੀਨਗਰੀ ਹੈ ਜਿੱਥੇ ਜੁਗੋ-ਜੁੱਗ ਅਟੱਲ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਤਿਆਰੀ, ਸੰਪਾਦਨਾ ਤੇ ਲਿਖਾਈ ਦਾ ਕਾਰਜ ਹੋਇਆ। ਗੁਰੂ ਗ੍ਰੰਥਸਾਹਿਬ ਦੀ ਸੰਪੂਰਨਤਾ ਪਿੱਛੋਂ ਭਾਦੋਂ ਸੁਦੀ ਏਕਮ ਸੰਮਤ 1661 (16ਅਗਸਤ 1604) ਨੂੰ ਪਹਿਲੀ ਵਾਰ ਸ੍ਰੀ ਹਰਿਮੰਦਰ ਸਾਹਿਬ(ਅੰਮ੍ਰਿਤਸਰ) ਵਿਖੇ ਪ੍ਰਕਾਸ਼ ਕੀਤਾ ਗਿਆ। ਸ੍ਰੀ ਗੁਰੂ ਅਮਰਦਾਸ ਦੀਪ੍ਰੇਰਣਾ ਨਾਲ ਗੁਰੂ ਰਾਮਦਾਸ ਨੇ 1577 ਈ. 'ਚ 'ਅੰਮ੍ਰਿਤ ਸਰੋਵਰ'ਦੀ ਖੁਦਵਾਈ ਆਰੰਭ ਕਰਵਾਈ ਅਤੇ 1588 ਈ. 'ਚ ਗੁਰੂ ਅਰਜਨਦੇਵ ਨੇ ਅੰਮ੍ਰਿਤ ਸਰੋਵਰ ਨੂੰ ਪੱਕਿਆ ਕਰਵਾਇਆ।ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਸਿੱਖ ਧਰਮ ਦੇ ਅਧਿਆਤਮਕ ਕੇਂਦਰਵਜੋਂ ਉਸਾਰਨ ਦਾ ਕਾਰਜ ਸ੍ਰੀ ਗੁਰੂ ਅਰਜਨ ਦੇਵ ਨੇ ਨੇਪਰੇ ਚਾੜ੍ਹਿਆ।ਅਧਿਆਤਮਕ ਉੱਨਤੀ ਦਾ ਇਕ ਐਸਾ ਸੋਮਾ ਬਣਾਇਆ, ਜਿਥੋਂ ਹਰਪ੍ਰਾਣੀ ਬਿਨਾਂ ਕਿਸੇ ਭੇਦਭਾਵ ਦੇ ਪ੍ਰਭੂ-ਪਰਮਾਤਮਾ ਦਾ ਗਿਆਨ ਅਤੇਪ੍ਰਕਾਸ਼ ਪ੍ਰਾਪਤ ਕਰਕੇ ਜਨਮ ਸਫਲ ਕਰ ਸਕਦਾ ਹੈ। ਸ੍ਰੀ ਹਰਿਮੰਦਰਸਾਹਿਬ ਵਿਖੇ ਸੁਸ਼ੋਭਿਤ ਅਸਥਾਨਾਂ ਦੇ ਸੰਖੇਪ ਇਤਿਹਾਸ ਬਾਰੇ ਜਾਣਦੇ ਹਾਂ।ਗੁਰਦੁਆਰਾ ਦੁੱਖ ਭੰਜਨੀ ਸਾਹਿਬ : ਸ੍ਰੀ ਹਰਿਮੰਦਰ ਸਾਹਿਬਵਿਖੇ ਅੰਮ੍ਰਿਤ ਸਰੋਵਰ ਦੇ ਇਕ ਪਾਸੇ ਗੁਰਦੁਆਰਾ ਦੁੱਖ ਭੰਜਨੀਸਾਹਿਬ (ਬੇਰ ਸਾਹਿਬ) ਕਾਇਮ ਹੈ। ਏਸੇ ਸਥਾਨ ਤੇ ਸਿਦਕਵਾਨਬੀਬੀ ਰਜਨੀ ਦੇ ਕੁਸ਼ਟ ਰੋਗੀ ਪਤੀ ਦਾ ਕੋਹੜ ਦੂਰ ਹੋਇਆ ਸੀ।ਇਸ ਸਥਾਨ ਨਾਲ ਹੀ ਅਠਸਠ ਤੀਰਥ ਅਸਥਾਨ ਵੀ ਸਥਿਤ ਹੈ,ਜਿੱਥੇ ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਬੈਠ ਕੇ ਸਰੋਵਰ ਤੇਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਦੇ ਕਾਰਜ ਕਰਵਾਉਂਦੇ ਸਨ।ਸ਼ਹੀਦੀ ਅਸਥਾਨ ਬਾਬਾ ਦੀਪ ਸਿੰਘ : ਸ੍ਰੀ ਦਰਬਾਰ ਸਾਹਿਬ ਦੀਪ੍ਰਕਰਮਾ 'ਚ ਦੱਖਣੀ ਪਾਸੇ ਦਾ ਉਹ ਸ਼ਹੀਦੀ ਸਥਾਨ ਹੈ ਜਿੱਥੇ ਅਮਰ ਸ਼ਹੀਦ ਬਾਬਾ ਦੀਪ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਨੂੰ ਅਪਮਾਨਿਤ ਕਰਨ ਵਾਲੇਦੁਸ਼ਟ ਮੁਗਲ ਹਾਕਮਾਂ ਨਾਲ ਯੁੱਧ ਕਰਦੇ ਹੋਏ ਮਹਾਨ ਸ਼ਹਾਦਤ ਪਾਈ।ਗੁਰਦੁਆਰਾ ਲਾਚੀ ਬੇਰ ਸਾਹਿਬ : ਸ੍ਰੀ ਹਰਿਮੰਦਰ ਸਾਹਿਬ ਦੀਦਰਸ਼ਨੀ ਡਿਊਢੀ ਦੇ ਬਿਲਕੁਲ ਨਾਲ ਗੁਰਦੁਆਰਾ ਲਾਚੀ ਬੇਰਸਾਹਿਬ ਸਥਿਤ ਹੈ। ਜਿਸ ਸਮੇਂ ਸੰਨ 1577 'ਚ ਅੰਮ੍ਰਿਤ ਸਰੋਵਰ ਦੀਸੇਵਾ ਆਰੰਭ ਹੋਈ ਸੀ, ਪੰਜਵੇਂ ਪਾਤਸ਼ਾਹ ਇਸ ਬੇਰੀ ਹੇਠ ਬਿਰਾਜਦੇਸਨ। ਸੰਨ 1740 ਨੂੰ ਮੱਸੇ ਰੰਘੜ ਦਾ ਸਿਰ ਕੱਟਣ ਆਏ ਬਹਾਦਰਸੂਰਬੀਰ ਭਾਈ ਮਹਿਤਾਬ ਸਿੰਘ ਮੀਰਾਂ ਕੋਟ ਅਤੇ ਭਾਈ ਸੁੱਖਾ ਸਿੰਘਮਾੜੀ ਕੰਬੋਕੇ ਨੇ ਆਪਣੇ ਘੋੜੇ ਇਸ ਬੇਰੀ ਨਾਲ ਬੰਨੇ ਸਨ। ਲਾਚੀਆਂਵਰਗੇ ਬੇਰ ਲੱਗਣ ਕਰਕੇ ਇਸ ਦਾ ਨਾਂ ਲਾਚੀ ਬੇਰ ਪੈ ਗਿਆ।ਦਰਸ਼ਨੀ ਡਿਊਢੀ : ਸ੍ਰੀ ਅਕਾਲ ਤਖਤ ਸਾਹਿਬ ਦੇ ਬਿਲਕੁਲਸਾਹਮਣੇ ਇਕ ਵੱਡੀ ਡਿਊਢੀ ਹੈ, ਜਿਸ 'ਚੋਂ ਦੀ ਲੰਘ ਕੇ ਸੱਚਖੰਡਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਲਈ ਜਾਇਆ ਜਾਂਦਾ ਹੈ।ਹਰਿ ਕੀ ਪਉੜੀ : ਇਹ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦੇਪਿਛਲੇ ਪਾਸੇ ਹੈ। ਸ੍ਰੀ

ਗੁਰੂ ਰਾਮਦਾਸ ਨੇ 1577 ਨੂੰ ਸਰੋਵਰ ਦੀਖੁਦਾਈ 'ਹਰਿ ਦੀ ਪੌੜੀ' ਦੇ ਸਥਾਨ ਤੋਂ ਆਰੰਭ ਕਰਵਾਈ ਸੀ। ਸ੍ਰੀਹਰਿਮੰਦਰ ਸਾਹਿਬ ਦੇ ਦਰਸ਼ਨ ਦੀਦਾਰ ਕਰਨ ਵਾਲੀਆਂ ਸ਼ਰਧਾਲ ੂ ਸੰਗਤਾਂ, ਇੱਥੋਂ ਚੂਲ਼ਾ (ਜਲ) ਲੈ ਕੇ ਛੱਕਦੀਆਂ ਹਨ।ਸ੍ਰੀ ਅਕਾਲ ਤਖ਼ਤ ਸਾਹਿਬ : ਸਿੱਖ ਕੌਮ ਦੇ ਕੇਂਦਰੀ ਸਥਾਨਸ੍ਰੀ ਅਕਾਲ ਤਖ਼ਤ ਸਾਹਿਬ ਦੀ ਨੀਂਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬਜੀ ਨੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਅਰਦਾਸ ਕਰਨ ਉਪਰੰਤਆਪਣੇ ਕਰ ਕਮਲਾਂ ਨਾਲ ਰੱਖੀ। ਇਸ ਪਾਵਨ ਅਸਥਾਨ ਦੇ ਉਸਾਰੀਕਾਰਜ ਬਾਬਾ ਬੁੱਢਾ ਅਤੇ ਭਾਈ ਗੁਰਦਾਸ ਵਲੋਂ ਕਰਵਾਏ ਗਏ, ਜਿਸ'ਚ ਵੱਡੀ ਗਿਣਤੀ 'ਚ ਸੰਗਤਾਂ ਨੇ ਤਨ, ਮਨ ਅਤੇ ਧਨ ਨਾਲ ਸੇਵਾਨਿਭਾਈ। ਗੁਰੂ ਜੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਜਗਤਨੂੰ ਤਾਰਨ ਲਈ ਅਤੇ ਦੁਸ਼ਮਣਾਂ ਦਾ ਨਾਸ ਕਰਨ ਲਈ ਕੀਤੀ।ਗੁਰਦੁਆਰਾ ਬੜ੍ਹਾ ਸਾਹਿਬ : ਜਿਸ ਸਮੇਂ ਸ੍ਰੀ ਗੁਰੂ ਤੇਗ ਬਹਾਦਰਸਾਹਿਬ ਗੁਰਗੱਦੀ ਤੇ ਬਿਰਾਜਮਾਨ ਹੋਏ ਤਾਂ ਆਪ ਬਾਬਾ ਬਕਾਲਾ ਤੋਂਆਪਣੇ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਦਾਦਾ ਸ੍ਰੀ ਗੁਰੂਅਰਜਨ ਦੇਵ ਦੇ ਬਣਾਏ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀਹਰਿਮੰਦਰ ਸਾਹਿਬ ਦੇ ਦਰਸ਼ਨ ਦੀਦਾਰ ਕਰਨ ਆਏ ਤਾਂ ਅੱਗੋਂ ਸ੍ਰੀਹਰਿਮੰਦਰ ਸਾਹਿਬ ਦੇ ਦਰਸ਼ਨੀ ਦਰਵਾਜ਼ੇ ਨੂੰ ਪੁਜਾਰੀਆਂ ਨੇ ਬੰਦ ਕਰਦਿੱਤਾ ਅਤੇ ਗੁਰੂ ਜੀ ਨੂੰ ਅੰਦਰ ਨਹੀਂ ਆਉਣ ਦਿਤਾ। ਉਹ ਡਰਦੇ ਸਨਕਿ ਗੁਰੂ ਤੇਗ ਬਹਾਦਰ ਸਾਹਿਬ ਦੇ ਚਰਨ ਪਾਉਣ ਨਾਲ ਕਿਧਰੇ ਇਹਸਥਾਨ ਸਾਡੇ ਹੱਥੋਂ ਹੀ ਨਾ ਜਾਂਦਾ ਰਹੇ। ਇਸ ਮਗਰੋਂ ਗੁਰੂ ਜੀ ਇਕ ਥੜੇ'ਤੇ ਕੁਝ ਦੇਰ ਬੈਠ ਕੇ ਵਾਪਸ ਚਲੇ ਗਏ।ਬੇਰ ਬਾਬਾ ਬੁੱਢਾ ਜੀ : ਸ੍ਰੀ ਦਰਬਾਰ ਸਾਹਿਬ ਦੇ ਅੰਮ੍ਰਿਤਸਰੋਵਰ ਦੇ ਕੰਢੇ ਉਤਰੀ ਬਾਹੀ ਵੱਲ ਇਹ ਇਤਿਹਾਸਕ ਬਿਰਧ ਬੇਰੀਅੱਜ ਵੀ ਕਾਇਮ ਹੈ। ਜਿਸ ਥੱਲੇ ਬੈਠ ਕੇ ਬਾਬਾ ਬੁੱਢਾ ਪਹਿਲਾਂਸਰੋਵਰ ਤੇ ਫਿਰ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਦੇ ਕਾਰਜ ਦੀਨਿਗਰਾਨੀ ਕਰਦੇ ਰਹੇ। ਆਪ ਨੇ ਨਾ ਕੇਵਲ ਛੇ ਪਾਤਸ਼ਾਹੀਆਂ ਦੇਦਰਸ਼ਨ ਹੀ ਕੀਤੇ, ਸਗੋਂ ਪੰਜ ਪਾਤਸ਼ਾਹੀਆਂ ਨੂੰ ਗੁਰਗੱਦੀ ਮਿਲਣਤੇ ਨਾਨਕ ਜੋਤ ਬਣਾਉਣ ਸਮੇਂ ਤਿਲਕ ਲਗਾਉਣ ਦੀ ਮਹਾਨ ਸੇਵਾਵੀ ਨਿਭਾਈ। ਸ੍ਰੀ ਗੁਰੂ ਅਰਜਨ ਦੇਵ ਨੇ ਆਪ ਨੂੰ ਸ੍ਰੀ ਹਰਿਮੰਦਰਸਾਹਿਬ ਦੇ ਪਹਿਲੇ ਮੁੱਖ ਗ੍ਰੰਥੀ ਨਿਯੁਕਤ ਕੀਤਾ।ਇਥੋਂ ਦੇ ਹੋਰ ਇਤਿਹਾਸਕ ਅਸਥਾਨ ਜਿਨ੍ਹਾਂ 'ਚ ਗੁਰਦੁਆਰਾਬਾਬਾ ਅਟੱਲ ਰਾਇ, ਗੁਰਦੁਆਰਾ ਸ਼ਹੀਦ ਗੰਜ ਸਾਹਿਬ, ਗੁਰਦੁਆਰਾਬਾਬਾ ਬੋਤਾ ਸਿੰਘ, ਗੁਰਦੁਆਰਾ ਰਾਮਸਰ ਸਾਹਿਬ, ਗੁਰਦੁਆਰਾਬਿਬੇਕਸਰ ਸਾਹਿਬ, ਗੁਰਦੁਆਰਾ ਸੰਤੋਖਸਰ (ਟਾਹਲੀ ਸਾਹਿਬ),ਗੁਰਦੁਆਰਾ ਮਾਤਾ ਕੌਲਾਂ ਜੀ, ਗੁਰਦੁਆਰਾ ਟੋਭਾ ਭਾਈ ਸਾਲ੍ਹੋ ਜੀ,ਗੁਰਦੁਆਰਾ ਮੰਜੀ ਸਾਹਿਬ (ਦੀਵਾਨ ਹਾਲ), ਗੁਰਦੁਆਰਾ ਸ਼ਹੀਦਬੁੰਗਾ ਸਾਹਿਬ ਜੋ ਕਿ ਇਸ ਪਾਵਨ ਨਗਰੀ ਵਿਖੇ ਸੁਭਾਇਮਾਨ ਹਨ।

ਅਗਿਆਨਤਾ ਨੂੰ ਦੂਰ ਕਰਨ ਵਾਲੇ ਗੁਰੂ ਨਾਨਕ ਦੇਵ

• ਬੇਅੰਤ ਸਿੰਘ ਬਾਜਵਾ

ਗੁ ਰੂ ਨਾਨਕ ਦੇਵ ਬਚਪਨ ਤੋਂ ਹੀ ਕਾਫੀ ਗੰਭੀਰ ਅਤੇ ਵਿਚਾਰਸ਼ੀਲ ਸੁਭਾਅ ਦੇ ਸਨ। ਗੁਰੂ ਜੀ ਦੇ ਅਧਿਆਤਮਕ ਗਿਆਨ ਤੋਂ ਉਨ੍ਹਾਂ ਦੇ ਅਧਿਆਪਕ ਹੈਰਾਨ ਰਹਿ ਗਏ। ਆਪ ਦੇ ਪਿਤਾ ਜੀ ਨੇ ਆਪ ਨੂੰ ਕਈ ਕਿੱਤਿਆਂ ਵਿਚ ਲਗਾਉਣ ਦਾ ਯਤਨ ਕੀਤਾ ਪਰ ਆਪ ਨੇ ਕੋਈ ਰੁਚੀ ਨਾ ਦਿਖਾਈ। 20 ਸਾਲ ਦੀ ਉਮਰ ਵਿਚ ਆਪ ਸੁਲਤਾਨਪੁਰ ਲੋਧੀ ਆ ਗਏ। ਆਪ ਨੂੰ ਵੇਈਂ ਨਦੀ ਵਿਚ ਇਸ਼ਨਾਨ ਦੌਰਾਨ ਸੱਚੇ ਗਿਆਨ ਦੀ ਪ੍ਰਾਪਤੀ ਹੋਈ। ਗਿਆਨ ਪ੍ਰਾਪਤੀ ਤੋਂ ਬਾਅਦ ਗੁਰੂ ਜੀ ਨੇ ਸਭ ਤੋਂ ਪਹਿਲਾਂ "ਨਾ ਕੋ ਹਿੰਦੂ ਅਤੇ ਨਾ ਕੋ ਮੁਸਲਮਾਨ" ਦੇ ਸ਼ਬਦ ਕਹੇ। ਉਸ ਸਮੇਂ ਆਪ ਦੀ ਉਮਰ 30 ਸਾਲਾਂ ਦੀ ਸੀ।

1499 ਈ: ਵਿਚ ਗਿਆਨ ਪ੍ਰਾਪਤੀ ਤੋਂ ਬਾਅਦ ਗੁਰੂ ਜੀ ਦੇਸ਼ ਵਿਦੇਸ਼ ਦੀ ਲੰਬੀ ਯਾਤਰਾ 'ਤੇ ਨਿਕਲ ਪਏ। ਇਨ੍ਹਾਂ ਉਦਾਸੀਆਂ ਦਾ ਉਦੇਸ਼ ਲੋਕਾਂ ਵਿਚ ਫੈਲੀ ਅਗਿਆਨਤਾ ਨੂੰ ਦੂਰ ਕਰਨਾ ਅਤੇ ਇਕ ਪ੍ਰਮਾਤਮਾ ਦੀ ਅਰਾਧਨਾ ਦਾ ਪ੍ਰਚਾਰ ਕਰਨਾ ਸੀ। ਪਹਿਲੀ ਉਦਾਸੀ ਗੁਰੂ ਨਾਨਕ ਦੇਵ ਨੇ 1499 ਈ: ਦੇ ਅਖੀਰ ਵਿਚ ਯਾਤਰਾ ਸ਼ੁਰੂ ਕੀਤੀ। ਇਨ੍ਹਾਂ ਯਾਤਰਾਵਾਂ ਸਮੇਂ ਭਾਈ ਮਰਦਾਨਾ ਵੀ ਉਨ੍ਹਾਂ ਦੇ ਨਾਲ ਰਿਹਾ। ਇਸ ਯਾਤਰਾ ਨੂੰ ਗੁਰੂ ਨਾਨਕ ਦੇਵ ਨੇ 12 ਸਾਲਾਂ ਵਿਚ ਸੰਪੂਰਨ ਕੀਤਾ ਅਤੇ ਉਹ ਪੂਰਬ ਤੋਂ ਦੱਖਣ ਵੱਲ ਗਏ।

ਪਹਿਲੀ ਉਦਾਸੀ

ਗੁਰੂ ਨਾਨਕ ਦੇਵ ਸਭ ਤੋਂ ਪਹਿਲਾਂ ਸੈਦਪੁਰ ਵਿਖੇ ਪਹੁੰਚੇ। ਇੱਥੇ ਪਹੁੰਚਣ 'ਤੇ ਗੁਰੂ ਜੀ ਨੇ ਦਸਾਂ ਨਹੁੰਆਂ ਦੀ ਕਿਰਤ ਦਾ ਸੁਨੇਹਾ ਦਿਤਾ। ਜਦੋਂ ਗੁਰੂ ਜੀ ਤਾਲੁੰਬਾ ਵਿਖੇ ਪਹੁੰਚੇ ਤਾਂ ਉਨ੍ਹਾਂ ਦੀ ਮੁਲਾਕਾਤ ਸੱਜਣ ਠੱਗ ਨਾਲ ਹੋਈ। ਰਾਤ ਸਮੇਂ ਜਦੋ ਗੁਰੂ ਨਾਨਕ ਦੇਵ ਨੇ ਬਾਣੀ ਪੜ੍ਹੀ ਤਾਂ ਸੱਜਣ ਠੱਗ ਗੁਰੂ ਜੀ ਦੇ ਚਰਨੀਂ ਪੈ ਗਿਆ। ਇਸ ਘਟਨਾ ਤੋਂ ਬਾਅਦ ਸੱਜਣ ਠੱਗ ਨੇ ਆਪਣਾ ਬਾਕੀ ਜੀਵਨ ਸਿੱਖ ਧਰਮ ਦਾ ਪ੍ਰਚਾਰ ਕਰਨ ਵਿਚ ਬਤੀਤ ਕੀਤਾ ਇਸ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਸੂਰਜ ਗ੍ਰਹਿ ਦੇ ਮੌਕੇ 'ਤੇ ਕੁਰੁਕਸ਼ੇਤਰ ਪਹੁੰਚ ਕੇ ਹਜ਼ਾਰਾਂ ਬ੍ਰਾਹਮਣਾਂ ਅਤੇ ਸਾਧੂਆਂ ਨੂੰ ਸਮਝਾਇਆ ਕਿ ਫਜ਼ੂਲ ਦੀਆਂ ਗੱਲਾਂ 'ਤੇ ਝਗੜਾ ਕਰਨ ਦੀ ਬਜਾਏ ਆਪਣੀ ਆਤਮਾ ਨੂੰ ਪਵਿੱਤਰ ਰੱਖਣ ਵੱਲ ਧਿਆਨ ਦੇਣਾ ਚਾਹੀਦਾ ਹੈ। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਹਰਿਦੁਆਰ, ਗੋਰਖਮੱਤਾ, ਬਨਾਰਸ ਅਤੇ ਲੰਕਾ ਪਹੁੰਚੇ ਅਤੇ ਅਗਿਆਨਤਾ ਦਾ ਹਨੇਰਾ ਦੂਰ ਕਰਕੇ ਗਿਆਨ ਦਾ ਚਾਨਣ ਫੈਲਾਇਆ।

ਦੂਜੀ ਉਦਾਸੀ

ਸ੍ਰੀ ਗੁਰੂ ਨਾਨਕ ਦੇਵ 1513-14 ਈ: ਵਿਚ ਆਪਣੀ ਦੂਸਰੀ ਉਦਾਸੀ ਉਤਰ ਵੱਲ ਸ਼ੁਰੂ ਕੀਤੀ। ਇਸ ਉਦਾਸੀ ਵਿਚ ਉਨ੍ਹਾਂ ਨੂੰ ਚਾਰ ਸਾਲ ਲੱਗੇ। ਇਸ ਉਦਾਸੀ ਦੌਰਾਨ ਗੁਰੂ ਜੀ ਮੰਡੀ, ਰਿਵਾਲਸਰ, ਜਵਾਲਾਮੁਖੀ, ਕਾਂਗੜਾ, ਬੈਜਨਾਥ ਅਤੇ ਕੁੱਲੂ ਆਦਿ ਪਹਾੜੀ ਰਿਆਸਤਾਂ ਗਏ। ਗੁਰੂ ਜੀ ਨੇ ਸਿੱਧਾਂ ਨੂੰ ਸਮਝਾਇਆ ਕਿ ਮੁਕਤੀ ਵੇਦਾਂ ਅਤੇ ਰਾਮਾਇਣ ਆਦਿ ਨੂੰ ਪੜ੍ਹਨ ਨਾਲ ਨਹੀਂ ਬਲਕਿ ਉਨ੍ਹਾਂ ਵਿਚ ਦਿੱਤੀਆ ਗੱਲਾਂ 'ਤੇ ਅਮਲ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ। ਗੁਰੂ ਨਾਨਕ ਦੇਵ ਜੀ ਪੰਜਾਬ ਦੀ ਵਾਪਸੀ ਯਾਤਰਾ ਸਮੇਂ ਹਸਨ ਅਬਦਾਲ ਵਿਖੇ ਠਹਿਰੇ। ਇਥੇ ਇਕ ਹੰਕਾਰੀ ਫਕੀਰ ਵਲੀ ਕੰਧਾਰੀ ਨੇ ਗੁਰੂ ਜੀ ਨੂੰ ਕੁਚਲਣ ਦੇ ਉਦੇਸ਼ ਨਾਲ ਇਕ ਵੱਡਾ ਪੱਥਰ ਪਹਾੜੀ ਤੋਂ ਹੇਠਾਂ ਵੱਲ ਨੂੰ ਸੁੱਟਿਆ। ਗੁਰੂ ਜੀ ਨੇ ਇਸ ਨੂੰ ਆਪਣੇ ਪੰਜੇ ਨਾਲ ਰੋਕ ਦਿੱਤਾ। ਇਸ ਸਥਾਨ ਨੂੰ ਅੱਜ-ਕੱਲ੍ਹ ਪੰਜਾ ਸਾਹਿਬ ਕਿਹਾ ਜਾਂਦਾ ਹੈ।

ਤੀਜੀ ਉਦਾਸੀ

1517 ਈ: ਵਿਚ ਆਪਣੀ ਗੁਰੂ ਨਾਨਕ ਦੇਵ ਜੀ ਪੱਛਮੀ ਏਸ਼ੀਆ ਦੇ ਦੇਸ਼ਾਂ ਵੱਲ ਗਏ। ਇਸ ਉਦਾਸੀ ਦੌਰਾਨ ਗੁਰੂ ਨਾਨਕ ਸਾਹਿਬ ਮੁਲਤਾਨ ਗਏ। ਗੁਰੂ ਨਾਨਕ ਸਾਹਿਬ ਜਦੋਂ ਮੱਕੇ ਪਹੁੰਚੇ ਤਾਂ ਉਹ ਕਾਅਬੇ ਵੱਲ ਪੈਰ ਕਰਕੇ ਸੌਂ ਗਏ। ਜਦੋਂ ਕਾਜ਼ੀ ਰੁਕਨੁੱਦੀਨ ਨੇ ਇਹ ਵੇਖਿਆ ਤਾਂ ਉਹ ਗੁਰੂ ਜੀ ਨਾਲ ਗੁੱਸੇ ਹੋਇਆ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਸਮਝਾਇਆ ਕਿ ਪ੍ਰਮਾਤਮਾ ਸਰਬਵਿਆਪਕ ਹੈ। 1521 ਈ: ਵਿਚ ਗੁਰੂ ਜੀ ਨੇ ਰਾਵੀ ਦਰਿਆ ਦੇ ਕਿਨਾਰੇ ਕਰਤਾਰਪੁਰ ਨਾਂ ਦੇ ਨਗਰ ਦੀ ਸਥਾਪਨਾ ਕੀਤੀ। ਇੱਥੇ ਗੁਰੂ ਜੀ ਨੇ ਆਪਣੇ ਪਰਿਵਾਰ ਨਾਲ ਜੀਵਨ ਦੇ ਆਖਰੀ 18 ਸਾਲ ਬਤੀਤ ਕੀਤੇ। ਇੱਥੇ ਗੁਰੂ ਜੀ ਨੇ 976 ਸ਼ਬਦਾਂ ਦੀ ਰਚਨਾ ਕੀਤੀ। ਗੁਰੂ ਨਾਨਕ ਦੇਵ ਜੀ ਦੀਆਂ ਪ੍ਰਮੁੱਖ ਬਾਣੀਆਂ ਦੇ ਨਾਂ ਜਪੁਜੀ, ਵਾਰ ਮਾਝ, ਆਸਾ ਦੀ ਵਾਰ, ਸਿੱਧ ਗੋਸ਼ਟਿ, ਵਾਰ ਮਲ੍ਹਾਰ ਬਾਰ੍ਹਮਾਹ ਅਤੇ ਪੱਟੀ ਆਦਿ ਹਨ। ਸ੍ਰੀ ਗੁਰੂ ਨਾਨਕ ਦੇਵ 22 ਸਤੰਬਰ ,1539 ਈ ਨੂੰ ਜੋਤੀ ਜੋਤਿ ਸਮਾ ਗਏ। ਜੋਤੀ ਜੋਤ ਸਮਾਉਣ ਤੋਂ ਪਹਿਲਾਂ ਗੁਰੂ ਨਾਨਕ ਦੇਵ ਨੇ ਭਾਈ ਲਹਿਣਾ ਨੂੰ ਆਪਣਾ ਉਤਰਾਧਿਕਾਰੀ ਨਿਯੁਕਤ ਕੀਤਾ।



ਰੱਬੀ ਰੂਹ ਸਾਈਂ ਮੀਆਂ ਮੀਰ

• ਧਰਮਿੰਦਰ ਸਿੰਘ

ਹਜ਼ਰਤ ਸਾਈਂ ਮੀਆਂ ਮੀਰ ਸੂਫ਼ੀ ਦਰਵੇਸ਼ ਸਨ। ਸਾਈਂ ਮੀਆਂ ਮੀਰ ਦਾ ਪੂਰਾ ਨਾਂ ਸ਼ੇਖ ਮੁਹੰਮਦ ਮੀਰ ਸੀ। ਆਪ ਦੀ ਜਨਮ ਤਰੀਕ ਸਬੰਧੀ ਵਿਦਵਾਨ ਇਕਮੱਤ ਨਹੀ ਹਨ। ਆਪ ਦੇ ਪਿਤਾ ਦਾ ਨਾਂ ਕਾਜ਼ੀ ਤੇ ਮਾਤਾ ਦਾ ਨਾਂ ਫਾਤਿਮਾ ਸੀ। ਸਿੰਧ ਦੇ ਇਲਾਕੇ ਸੀਸਤਾਨ ਵਿਚ ਆਪ ਦਾ ਜਨਮ ਹੋਇਆ। ਸਰੀਰਕ ਤੌਰ 'ਤੇ ਸਾਈਂ ਦਰਮਿਆਨੇ ਕੱਦ ਦੇ ਖੂਬਸੂਰਤ ਇਨਸਾਨ ਸਨ। ਆਪ ਦਾ ਸਬੰਧ ਖਾਨਦਾਨੀ ਹਜ਼ਰਤ ਮੁਹੰਮਦ ਸਾਹਬ ਦੇ ਦੂਜੇ ਜਾਂਨਸ਼ੀਨ ਖ਼ਲੀਫਾ ਹਜ਼ਰਤ ਉਮਰ ਫਾਰੂਕ ਨਾਲ ਜਾ ਜੁੜਦਾ ਹੈ। ਮੁੱਢਲੀ ਸਿੱਖਿਆ ਆਪ ਨੇ ਇਥੋਂ ਹੀ ਪ੍ਰਾਪਤ ਕੀਤੀ। ਸੱਤ ਸਾਲ ਦੀ ਉਮਰ 'ਚ ਆਪ ਨੇ ਕੁਰਾਨ ਮਜ਼ੀਦ ਦੀ ਸਿੱਖਿਆ ਪ੍ਰਾਪਤ ਕਰ ਲਈ ਸੀ। ਅਗਲੇਰੀ ਵਿੱਦਿਆ ਪ੍ਰਾਪਤ ਕਰਨ ਲਈ ਆਪ ਲਾਹੌਰ ਆ ਗਏ। ਵਿੱਦਿਆ ਪ੍ਰਾਪਤ ਕਰਨ ਤੋਂ ਇਕ ਸਾਲ ਤੱਕ ਸਰਹੰਦ ਵਿਚ ਰਹਿਣ ਤੋਂ ਬਾਅਦ ਆਪ ਲਾਹੌਰ ਵਾਪਸ ਆ ਗਏ। ਹਜ਼ਰਤ ਸਾਈਂ ਮੀਆਂ ਮੀਰ ਨੇ ਗ੍ਰਹਿਸਥ ਧਾਰਨ ਨਹੀਂ ਕੀਤਾ। ਆਪ ਜ਼ਿਆਦਾ ਸਮਾਂ ਖੁਦਾ ਦੀ ਇਬਾਦਤ ਵਿਚ ਲੀਨ ਰਹਿੰਦੇ ਸਨ। ਘੱਟ ਖਾਣਾ, ਘੱਟ ਸੌਣ੍ਹਾ ਤੇ ਘੱਟ ਬੋਲਣਾ ਆਪ ਦੀ ਆਦਤ ਸੀ।

ਬਾਦਸ਼ਾਹ ਜਹਾਂਗੀਰ, ਸ਼ਾਹਜਹਾਨ ਤੇ ਸ਼ਹਿਜ਼ਾਦਾ ਦਾਰਾ ਸ਼ਿਕੋਹ ਆਪ ਦੇ ਮੁਰੀਦ ਸਨ। ਸੂਫੀ ਫਕੀਰਾਂ ਅਤੇ ਸਿੱਖ ਗੁਰੂ ਸਹਿਬਾਨਾਂ ਦੇ ਸ਼ੁਰੂ ਤੋਂ ਹੀ ਬੜੇ ਪਿਆਰ

ਭੋਆ 'ਚ ਵੈਟਰਨਰੀ ਹਸਪਤਾਲਾਂ ਅਤੇ ਡਿਸਪੈਂਸਰੀਆਂ ਦੀ 59 ਲੱਖ ਨਾਲ ਬਦਲੀ ਜਾਵੇਗੀ ਨੁਹਾਰ

ਕੌਮੀ ਪਤ੍ਰਿਕਾ

ਬਮਿਆਲ 1 ਦਸੰਬਰ। ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਪੰਜਾਬ ਸਰਕਾਰ ਹਲਕਾ ਭੋਆ 'ਚ ਵਿਕਾਸ ਦੀ ਰਫ਼ਤਾਰ ਨੂੰ ਨਵੀਂ ਦਿਸ਼ਾ ਦੇ ਰਹੀ ਹੈ, ਖ਼ਾਸ ਕਰਕੇ ਕਿਸਾਨਾਂ ਅਤੇ ਪਸ਼ੂ ਪਾਲਕਾਂ ਨਾਲ ਜੁੜੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ। ਇਸੇ ਤਹਿਤ ਹਲਕੇ ਵਿੱਚ ਵੈਟਰਨਰੀ ਹਸਪਤਾਲਾਂ ਅਤੇ ਸਿਵਲ ਡਿਸਪੈਂਸਰੀਆਂ ਦੇ ਵਿਕਾਸ ਕਾਰਜਾਂ ਲਈ ਕੁੱਲ 59 ਲੱਖ ਰੁਪਏ ਜਾਰੀ ਕੀਤੇ ਗਏ ਹਨ, ਜਿਸ ਨਾਲ ਪਸ਼ੂ ਸਿਹਤ ਸੇਵਾਵਾਂ ਦੀ ਪੂਰੀ ਨੁਹਾਰ ਬਦਲਣ ਜਾ ਰਹੀ ਹੈ। ਸਰਕਾਰ ਨੇ ਰਾਜਪੁਰਾ ਪਿੰਡ ਦੀ ਸਿਵਲ ਵੈਟਰਨਰੀ ਡਿਸਪੈਂਸਰੀ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਲਗਭਗ 17 ਲੱਖ ਰੁਪਏ ਜਾਰੀ ਕੀਤੇ ਹਨ। ਇਹ ਰਾਸ਼ੀ ਡਿਸਪੈਂਸਰੀ ਦੀ ਇਮਾਰਤ ਦੇ ਸੁਧਾਰ, ਉਪਕਰਨਾਂ ਦੀ ਉਪਲੱਬਧਤਾ, ਦਵਾਈਆਂ ਅਤੇ ਪਸ਼ੂ ਇਲਾਜ ਸਹੂਲਤਾਂ ਨੂੰ ਬਿਹਤਰ ਬਣਾਉਣ 'ਤੇ ਖ਼ਰਚ ਕੀਤੀ ਜਾਵੇਗੀ। ਲੰਬੇ ਸਮੇਂ ਤੋਂ ਪਿੰਡ ਵਾਸੀਆਂ ਅਤੇ ਕਿਸਾਨਾਂ ਵੱਲੋਂ ਉਠਾਈ ਜਾ ਰਹੀ ਮੰਗ ਹੁਣ ਪੰਜਾਬ ਸਰਕਾਰ ਵੱਲੋਂ ਪੂਰੀ ਕੀਤੀ ਜਾ ਰਹੀ ਹੈ, ਜਿਸ ਨਾਲ ਹਜ਼ਾਰਾਂ ਪਸ਼ੂ ਪਾਲਕਾਂ ਨੂੰ ਲਾਭ ਹੋਵੇਗਾ। ਇਸੇ ਤਰ੍ਹਾਂ ਤਾਰਾਗੜ੍ਹ ਪਿੰਡ 'ਚ ਸਿਵਲ ਵੈਟਰਨਰੀ ਹਸਪਤਾਲ ਦੇ ਵਿਕਾਸ ਲਈ ਕਰੀਬ 42 ਲੱਖ ਰੁਪਏ ਦੀ ਵੱਡੀ ਸੌਗਾਤ ਦਿੱਤੀ ਗਈ ਹੈ। ਇਸ ਰਾਸ਼ੀ ਨਾਲ ਹਸਪਤਾਲ ਦਾ ਢਾਂਚਾ, ਆਧੁਨਿਕ ਉਪਕਰਨ, ਲੈਬ ਸਹੂਲਤਾਂ, ਸਾਫ਼-ਸਫ਼ਾਈ ਅਤੇ ਇਲਾਜ ਪ੍ਰਬੰਧਾਂ ਨੂੰ ਨਵੀਂ ਮਜ਼ਬੂਤੀ ਮਿਲੇਗੀ। ਪੇਂਡੂ ਖੇਤਰਾਂ ਲਈ ਇਹ ਨਿਵੇਸ਼ ਬਹੁਤ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ, ਕਿਉਂਕਿ ਪਸ਼ੂ ਪਾਲਣ ਪੰਜਾਬ ਦੀ ਪੇਂਡੂ ਆਰਥਿਕਤਾ ਦਾ ਮੁੱਖ ਆਧਾਰ ਹੈ।

ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਦਾ ਉਦੇਸ਼ ਸਿਰਫ਼ ਸ਼ਹਿਰਾਂ ਵਿੱਚ ਹੀ ਨਹੀਂ, ਸਗੋਂ ਪਿੰਡਾਂ ਵਿੱਚ ਵੀ ਵਿਕਾਸ ਦੀ ਰੌਸ਼ਨੀ ਪਹੁੰਚਾਉਣਾ ਹੈ। ਉਨ੍ਹਾਂ ਕਿਹਾ ਕਿ ਕਿਸਾਨ ਸੂਬੇ ਦੀ ਰੀੜ੍ਹ ਦੀ ਹੱਡੀ ਹਨ ਅਤੇ ਉਨ੍ਹਾਂ ਲਈ ਪਸ਼ੂ ਸਿਹਤ ਸੇਵਾਵਾਂ ਦਾ ਮਜ਼ਬੂਤ ਹੋਣਾ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ, 'ਸਾਡੀ ਸਰਕਾਰ ਹਰ ਪਿੰਡ ਤੱਕ ਅਜਿਹੀਆਂ ਸਹੂਲਤਾਂ ਪਹੁੰਚਾਉਣ ਲਈ ਦ੍ਰਿੜ ਸੰਕਲਪ ਹੈ, ਤਾਂ ਜੋ ਕਿਸਾਨ ਅਤੇ ਪਸ਼ੂ ਪਾਲਕ ਬਿਨਾਂ ਕਿਸੇ ਪਰੇਸ਼ਾਨੀ ਦੇ ਆਧੁਨਿਕ ਸੇਵਾਵਾਂ ਦਾ ਲਾਭ ਲੈ ਸਕਣ।' ਮੰਤਰੀ ਕਟਾਰੂਚੱਕ ਨੇ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦੇ ਹਿੱਤ ਵਿੱਚ ਕਈ ਯੋਜਨਾਵਾਂ ਚਲਾ ਰਹੀ ਹੈ, ਤਾਂ ਜੋ ਉਨ੍ਹਾਂ ਦੀ ਆਮਦਨ ਵਧੇ ਅਤੇ ਪੇਂਡੂ ਜੀਵਨ ਪੱਧਰ ਬਿਹਤਰ ਹੋਵੇ। ਪਸ਼ੂ ਹਸਪਤਾਲਾਂ ਵਿੱਚ ਸੁਧਾਰ ਨਾਲ ਜਿੱਥੇ ਪਸ਼ੂਆਂ ਦੀਆਂ ਬਿਮਾਰੀਆਂ 'ਤੇ ਕਾਬੂ ਪਾਇਆ ਜਾ ਸਕੇਗਾ, ਉੱਥੇ ਹੀ ਦੁੱਧ ਉੱਤਪਾਦਨ ਅਤੇ ਪਸ਼ੂਆਂ ਦੀ ਸਿਹਤ ਵਿੱਚ ਵੀ ਵੱਡਾ ਸੁਧਾਰ ਹੋਵੇਗਾ। ਉਨ੍ਹਾਂ ਕਿਹਾ ਕਿ ਹਲਕਾ ਭੋਆ ਵਿੱਚ ਹੋਰ ਵੀ ਵਿਕਾਸ ਪ੍ਰੋਜੈਕਟ ਜਲਦ ਸ਼ੁਰੂ ਕੀਤੇ ਜਾਣਗੇ, ਜਿਨ੍ਹਾਂ ਦਾ ਲਾਭ ਪਿੰਡਾਂ ਦੇ ਹਰ ਨਾਗਰਿਕ ਤੱਕ ਪਹੁੰਚੇਗਾ। ਪਿੰਡ ਵਾਸੀਆਂ ਅਤੇ ਕਿਸਾਨਾਂ ਨੇ ਮੰਤਰੀ ਕਟਾਰੂਚੱਕ ਦਾ ਧੰਨਵਾਦ ਕਰਦਿਆਂ ਕਿਹਾ ਕਿ ਰਾਜਪੁਰਾ ਅਤੇ ਤਾਰਾਗੜ੍ਹ ਵਿੱਚ ਲੰਬੇ ਸਮੇਂ ਤੋਂ ਵੈਟਰਨਰੀ ਸੇਵਾਵਾਂ ਦੇ ਸੁਧਾਰ ਦੀ ਲੋੜ ਸੀ। ਹੁਣ ਸਰਕਾਰ ਵੱਲੋਂ ਜਾਰੀ ਕੀਤੀ ਗਈ ਰਾਸ਼ੀ ਨਾਲ ਨਾ ਸਿਰਫ਼ ਇਲਾਜ ਸਹੂਲਤਾਂ ਬਿਹਤਰ ਹੋਣਗੀਆਂ, ਸਗੋਂ ਪਸ਼ੂ ਧਨ ਆਧਾਰਿਤ ਆਰਥਿਕਤਾ ਨੂੰ ਵੀ ਨਵੀਂ ਮਜ਼ਬੂਤੀ ਮਿਲੇਗੀ।

ਚੋਣਾਂ ਦੇ ਮੱਦੇਨਜ਼ਰ ਅਸਲਾ ਧਾਰਕਾਂ ਨੂੰ ਹਥਿਆਰ ਚੁੱਕ ਕੇ ਚੱਲਣ ਦੀ ਪਾਬੰਦੀ ਦੇ ਹੁਕਮ

ਮਲੇਰਕੋਟਲਾ 1 ਦਸੰਬਰ। ਮੁੱਖ ਚੋਣ ਕਮਿਸ਼ਨ, ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ-2025 ਦੀਆਂ ਚੋਣਾਂ 14 ਦਸੰਬਰ 2025 ਦਿਨ ਐਤਵਾਰ ਨੂੰ ਕਰਵਾਈਆਂ ਜਾ ਰਹੀਆਂ ਹਨ। ਜ਼ਿਲ੍ਹਾ ਮੈਜਿਸਟ?ਰੇਟ-ਕਮ-ਡਿਪਟੀ ਕਮਿਸ਼ਨਰ ਵਿਰਾਜ ਐੱਸ. ਤਿੜਕੇ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ (ਬੀ.ਐੱਨ.ਐੱਸ.ਐੱਸ) 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹੇ ਵਿੱਚ ਹੋਣ ਵਾਲੀ ਚੋਣ ਪ੍ਰਕਿਰਿਆ ਨੂੰ ਸ਼ਾਂਤੀ ਪੂਰਵਕ ਤਰੀਕੇ ਨਾਲ ਮੁਕੰਮਲ ਕਰਵਾਉਣ ਅਤੇ ਅਮਨ-ਕਾਨੂੰਨ ਦੀ ਵਿਵਸਥਾ ਨੂੰ ਬਣਾਏ ਰੱਖਣ ਲਈ ਜ਼ਿਲ੍ਹੇ ਦੇ ਸਾਰੇ ਅਸਲਾ ਧਾਰਕਾਂ ਨੂੰ ਆਪਣੇ-ਆਪਣੇ ਹਥਿਆਰ ਚੁੱਕ ਕੇ ਚੱਲਣ ਦੀ ਪਾਬੰਦੀ ਦੇ ਹੁਕਮ ਜਾਰੀ ਕੀਤੇ ਗਏ ਹਨ। ਹੁਕਮਾਂ ਅਨੁਸਾਰ ਜ਼ਿਲ੍ਹੇ ਦੀ ਹਦੂਦ ਅੰਦਰ ਗੰਡਾਸੇ, ਤੇਜ਼ਧਾਰ ਟਕੂਏ, ਕੁਲਹਾੜੀਆਂ, ਵਿਸਫੋਟਕ ਸਮੱਗਰੀ ਅਤੇ ਹੋਰ ਗਾਤਕ ਅਸਲਾ ਭਾਵੇਂ ਉਹ ਲਾਇਸੈਂਸੀ ਹੀ ਕਿਉਂ ਨਾ ਹੋਵੇ, ਚੁੱਕਣ 'ਤੇ ਪੂਰਨ ਤੌਰ 'ਤੇ ਮਨਾਹੀ ਲਗਾਈ ਗਈ ਹੈ। ਇਹ ਹੁਕਮ ਆਰਮੀ ਪ੍ਰਸੋਨਲ, ਪੈਰਾ ਮਿਲਟਰੀ ਫੋਰਸਿਜ਼, ਬਾਵਰਦੀ ਪੁਲਿਸ ਕਰਮਚਾਰੀਆਂ ਅਤੇ ਬੈਂਕਾਂ ਵਿੱਚ ਗਾਰਡ ਦੀ ਨੌਕਰੀ ਕਰਦੇ ਕਰਮਚਾਰੀਆਂ 'ਤੇ ਲਾਗੂ ਨਹੀਂ ਹੋਵੇਗਾ।

ਪੰਜਾਬ 'ਚ ਅੱਜ ਇਕੋ ਵਿਅਕਤੀ ਸੁਰੱਖਿਅਤ, ਉਹ ਹੈ ਮੁੱਖ ਮੰਤਰੀ ਭਗਵੰਤ ਮਾਨ: ਪ੍ਰਤਾਪ ਬਾਜਵਾ

ਜਲੰਧਰ/ਫਗਵਾੜਾ 1 ਦਸੰਬਰ। ਫਗਵਾੜਾ ਵਿਚ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਦਲਜੀਤ ਰਾਜੂ ਦੇ ਘਰ 'ਤੇ ਹੋਈ ਅੰਨ੍ਹੇਵਾਹ ਫਾਇਰਿੰਗ ਦੇ ਮਾਮਲੇ ਵਿਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਦਾ ਵੱਡਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਪੰਜਾਬ ਦੀ ਕਾਨੂੰਨ ਵਿਵਸਥਾ ਨੂੰ ਲੈ ਕੇ ਪੰਜਾਬ ਸਰਕਾਰ ਨੂੰ ਘੇਰਿਆ ਹੈ। ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਆਗੂ ਦੇ ਘਰ 'ਤੇ ਹੋਈ ਗੋਲ?ੀਬਾਰੀ ਪੰਜਾਬ ਦੇ ਵਧਦੇ ਕਾਨੂੰਨ ਵਿਵਸਥਾ ਸੰਕਟ ਦੀ ਇਕ ਹੋਰ ਯਾਦ ਦਿਵਾਉਂਦੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਨਾ ਸਿਰਫ਼ ਪੰਜਾਬੀਆਂ ਨੂੰ ਹੀ ਅਸਫ਼ਲ ਨਹੀਂ ਕੀਤਾ ਹੈ ਸਗੋਂ ਉਹ ਆਪਣੇ ਸਾਥੀਆਂ ਨੂੰ ਵੀ ਫੇਲ੍ਹ ਕਰ ਚੁੱਕੇ ਹਨ। ਭਗਵੰਤ ਮਾਨ ਨੂੰ ਘੇਰਿਆਂ ਉਨ੍ਹਾਂ

ਕਿਹਾ ਕਿ ਆਮ ਨਾਗਰਿਕ ਅੱਜ ਡੇਰ ਹੇਠਾਂ ਹੈ। ਪੰਜਾਬ ਵਿਚ ਅੱਜ ਇਕੋ-ਇਕ ਵਿਅਕਤੀ ਸੁਰੱਖਿਅਤ ਜਾਪਦਾ ਹੈ, ਜੋਕਿ ਉਹ ਮੁੱਖ ਮੰਤਰੀ ਹੈ ਅਤੇ ਜਿਸ ਦੀ ਸੁਰੱਖਿਆ ਇਕ ਵੱਡੇ ਕਾਫ਼ਲੇ ਦੁਆਰਾ ਕੀਤੀ ਜਾਂਦੀ ਹੈ। ਜ਼ਿਕਰਯੋਗ ਹੈ ਕਿ ਫਗਵਾੜਾ ਵਿਚ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਦਲਜੀਤ ਰਾਜੂ ਦੇ ਘਰ 'ਤੇ ਬੀਤੀ ਦੇਰ ਰਾਤ ਅੰਨ੍ਹੇਵਾਹ ਗੋਲ?ੀਆਂ ਚਲਾ ਦਿੱਤੀਆਂ ਗਈਆਂ ਸਨ। ਦੋ ਮੁਲਜ਼ਮ ਇਕ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਏ ਸਨ ਅਤੇ 'ਯੁੱਧ ਨਸ਼ਿਆਂ ਵਿਰੁੱਧ'ਫਗਵਾੜਾ ਦੇ ਕੋਆਰਡੀਨੇਟਰ ਦਲਜੀਤ ਰਾਜੂ ਵਾਸੀ ਪਿੰਡ ਦਰਵੇਸ਼, ਫਗਵਾੜਾ ਦੇ ਘਰ 'ਤੇ ਅੰਨ੍ਹੇਵਾਹ ਗੋਲ?ੀਆਂ ਚਲਾਈਆਂ ਸਨ।

ਬਹਿਰਾਈਚ 'ਚ ਤੇਂਦੂਆਂ ਦੇ ਹਮਲੇ : ਔਰਤ ਦੀ ਮੌਤ, 8 ਸਾਲਾ ਬੱਚਾ ਗੰਭੀਰ ਜ਼ਖ਼ਮੀ

ਬਹਿਰਾਈਚ, 1 ਦਸੰਬਰ। ਉੱਤਰ ਪ੍ਰਦੇਸ਼ ਦੇ ਬਹਿਰਾਈਚ ਜ਼ਿਲੇ 'ਚ ਤੇਂਦੂਆਂ ਦੇ 2 ਵੱਖ-ਵੱਖ ਹਮਲਿਆਂ ਨੇ ਲੋਕਾਂ 'ਚ ਦਹਿਸ਼ਤ ਫੈਲਾਅ ਦਿੱਤੀ ਹੈ। ਪਹਿਲੀ ਘਟਨਾ 'ਚ ਇਕ 55 ਸਾਲਾ ਔਰਤ ਦੀ ਮੌਤ ਹੋ ਗਈ, ਜਦੋਂ ਕਿ ਦੂਜੀ ਘਟਨਾ 'ਚ 8 ਸਾਲਾ ਬੱਚਾ ਗੰਭੀਰ ਰੂਪ 'ਚ ਜ਼ਖ਼ਮੀ ਹੋ ਗਿਆ। ਬਹਿਰਾਈਚ ਜੰਗਲਾਤ ਵਿਭਾਗ ਦੇ ਡਿਵੀਜ਼ਨਲ ਅਫ਼ਸਰ ਰਾਮ ਸਿੰਘ ਯਾਦਵ ਅਨੁਸਾਰ, ਫ਼ਖ਼ਰਪੁਰ ਥਾਣਾ ਖੇਤਰ ਦੇ ਉਮਰੀ ਦਹਿਲੋਂ ਪਿੰਡ 'ਚ ਬੁੱਧਵਾਰ ਸ਼ਾਮ ਲੱਗਭਗ 7 ਵਜੇ ਸ਼ਾਂਤੀ ਦੇਵੀ (55) ਜੰਗਲ-ਪਾਣੀ ਲਈ ਗੰਨੇ ਦੇ ਖੇਤਾਂ ਦੇ ਕੋਲ ਗਈ ਸੀ। ਇਸੇ ਦੌਰਾਨ ਝਾੜੀਆਂ 'ਚੋਂ ਨਿਕਲੇ ਤੇਂਦੂਏ ਨੇ ਉਸ 'ਤੇ ਹਮਲਾ ਕਰ ਦਿੱਤਾ। ਗੰਭੀਰ ਰੂਪ 'ਚ ਜ਼ਖ਼ਮੀ ਸ਼ਾਂਤੀ ਦੇਵੀ ਨੂੰ ਤੁਰੰਤ ਮੈਡੀਕਲ ਕਾਲਜ ਲਿਜਾਇਆ ਗਿਆ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਲਾਸ਼ ਦਾ ਪੋਸਟਮਾਰਟਮ ਕਰ ਕੇ ਮੁਆਵਜ਼ੇ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ। ਦੂਜੀ ਘਟਨਾ ਕਤਰਨੀਆ ਘਾਟ ਵਾਈਲਡਲਾਈਫ ਡਿਵੀਜ਼ਨ ਦੇ ਸੁਜੌਲੀ ਥਾਣੇ ਅਧੀਨ ਆਉਂਦੇ ਬਰਦੀਆ ਪਿੰਡ ਦੀ ਹੈ। ਬੁੱਧਵਾਰ ਸ਼ਾਮ ਇਰਸ਼ਾਦ (8) ਮਸਜਿਦ 'ਚ ਨਮਾਜ ਪੜ੍ਹ ਕੇ ਘਰ ਪਰਤ ਰਿਹਾ ਸੀ, ਉਦੋਂ ਝਾੜੀਆਂ 'ਚ ਲੁਕੇ ਤੇਂਦੂਏ ਨੇ ਅਚਾਨਕ ਉਸ 'ਤੇ ਹਮਲਾ ਕਰ ਦਿੱਤਾ। ਬੱਚੇ ਦੇ ਗਲੇ ਅਤੇ ਗਰਦਨ 'ਤੇ ਡੂੰਘੇ ਜ਼ਖ਼ਮ ਆਏ ਹਨ। ਪਰਿਵਾਰਕ ਮੈਂਬਰ ਉਸ ਨੂੰ ਹਸਪਤਾਲ ਲੈ ਗਏ, ਜਿੱਥੇ ਉਸ ਦਾ ਇਲਾਜ ਚੱਲ ਰਿਹਾ ਹੈ। ਕਤਰਨੀਆ ਘਾਟ ਰੇਂਜ ਦੇ ਅਧਿਕਾਰੀ ਆਸ਼ੀਸ਼ ਗੌੜ ਨੇ ਦੱਸਿਆ ਕਿ ਬਰਦੀਆ ਪਿੰਡ ਅਤੇ ਆਲੇ-ਦੁਆਲੇ ਦੇ ਇਲਾਕਿਆਂ 'ਚ ਜੰਗਲਾਤ ਕਰਮਚਾਰੀਆਂ ਦੀਆਂ ਟੀਮਾਂ ਤਾਇਨਾਤ ਕਰ ਦਿੱਤੀਆਂ ਗਈਆਂ ਹਨ ਅਤੇ ਪਿੰਡ ਵਾਸੀਆਂ ਨੂੰ ਸਾਵਧਾਨ ਰਹਿਣ ਦੀ ਸਲਾਹ ਦਿੱਤੀ ਗਈ ਹੈ।

ਪੰਜਾਬ 'ਚ ਹੜ੍ਹਾਂ ਕਾਰਨ ਝੋਨੇ ਦੀ ਫ਼ਸਲ ਨੂੰ 5,000 ਕਰੋੜ ਰੁਪਏ ਦਾ ਨੁਕਸਾਨ

ਚੰਡੀਗੜ੍ਹ 1 ਦਸੰਬਰ। ਪੰਜਾਬ 'ਚ ਅਗਸਤ-ਸਤੰਬਰ ਮਹੀਨੇ ਆਏ ਹੜ੍ਹਾਂ ਕਾਰਨ ਸੂਬੇ ਨੂੰ ਝੋਨੇ ਦੇ ਉਤਪਾਦਨ 'ਚ 17.54 ਲੱਖ ਮੀਟ੍ਰਿਕ ਟਨ ਦਾ ਨੁਕਸਾਨ ਹੋਇਆ ਹੈ, ਜਿਸ ਕਾਰਨ 5,000 ਕਰੋੜ ਰੁਪਏ ਤੋਂ ਵੱਧ ਦਾ ਆਰਥਿਕ ਨੁਕਸਾਨ ਹੋਇਆ। ਇਸ ਸਾਲ ਕੁੱਲ ਝੋਨੇ ਦੀ ਖ਼ਰੀਦ 157.39 ਲੱਖ ਮੀਟ੍ਰਿਕ ਟਨ ਰਹੀ, ਜੋ ਪਿਛਲੇ ਸਾਲ 173.93 ਲੱਖ ਮੀਟ੍ਰਿਕ ਟਨ ਸੀ। ਇਸ ਕਾਰਨ ਕਿਸਾਨਾਂ ਨੂੰ ਇਸ ਸਾਲ 37,237.42 ਕਰੋੜ ਰੁਪਏ ਪ੍ਰਾਪਤ ਹੋਏ, ਜਦੋਂ ਕਿ ਪਿਛਲੇ ਸਾਲ ਇਹ ਰਕਮ ਕਰੀਬ 43,000 ਕਰੋੜ ਰੁਪਏ ਸੀ। ਇਸ ਨਾਲ ਸੂਬੇ ਦੇ ਟੈਕਸ ਮਾਲੀਏ 'ਤੇ ਅਸਰ ਪਿਆ ਹੈ। ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਅੰਮ੍ਰਿਤਸਰ, ਤਰਨਤਾਰਨ ਅਤੇ ਫਾਜ਼ਿਲਕਾ 'ਚ ਝੋਨੇ ਦੀ ਵੱਧ ਆਮਦ ਬਾਰੇ ਖ਼ੁਰਾਕ ਅਤੇ ਸਪਲਾਈ ਵਿਭਾਗ ਵਲੋਂ ਕੀਤੀ ਗਈ ਜਾਂਚ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਗੈਰ-ਬਾਸਮਤੀ ਝੋਨੇ ਦੀ ਵਧੀ ਹੋਈ ਕਾਸ਼ਤ ਨੇ ਹੜ੍ਹਾਂ ਦੇ ਨੁਕਸਾਨ ਦੀ ਭਰਪਾਈ ਕੀਤੀ। ਹੜ੍ਹਾਂ ਦੇ

ਬਾਵਜੂਦ ਇਨ੍ਹਾਂ ਜ਼ਿਲ੍ਹਿਆਂ 'ਚ ਝੋਨੇ ਦੀ ਆਮਦ ਪਿਛਲੇ ਸਾਲ ਦੇ ਪੱਧਰ ਦੇ ਬਰਾਬਰ ਰਹੀ, ਜਿਸ ਕਾਰਨ ਸਰਕਾਰ ਨੂੰ ਝੋਨੇ ਦੀ ਖ਼ਰੀਦ ਰੋਕਣੀ ਪਈ। ਸੀਨੀਅਰ ਖ਼ੁਰਾਕ ਅਤੇ ਸਪਲਾਈ ਅਧਿਕਾਰੀ ਨੇ ਕਿਹਾ ਕਿ ਪਿਛਲੇ ਸਾਲ ਕਿਸਾਨਾਂ ਨੇ ਬਾਸਮਤੀ ਨੂੰ ਛੱਡ ਕੇ ਗੈਰ-ਬਾਸਮਤੀ ਕਿਸਮਾਂ ਦੀ ਕਾਸ਼ਤ ਕੀਤੀ। ਜਿਵੇਂ-ਜਿਵੇਂ ਗੈਰ-ਬਾਸਮਤੀ ਹੇਠ ਰਕਬਾ ਵਧਿਆ, ਉਵੇਂ ਉਤਪਾਦਨ ਵੀ ਵਧਿਆ। ਨਤੀਜੇ ਵਜੋਂ ਹੜ੍ਹਾਂ ਦੇ ਨੁਕਸਾਨ ਦੇ ਬਾਵਜੂਦ ਵੀ ਝੋਨੇ ਦੀ ਆਮਦ ਪਿਛਲੇ ਸਾਲ ਦੇ ਅੰਕੜਿਆਂ ਦੇ ਬਰਾਬਰ ਹੋ ਗਈ। ਪਿਛਲੇ ਸਾਲ ਸੂਬੇ ਨੇ 33.02 ਲੱਖ ਮੀਟ੍ਰਿਕ ਟਨ ਝੋਨਾ ਖਰੀਦਿਆ ਸੀ ਪਰ ਇਸ ਸਾਲ 17 ਨਵੰਬਰ ਤੱਕ ਮੰਡੀਆਂ 'ਚ ਸਿਰਫ 15.10 ਲੱਖ ਮੀਟ੍ਰਿਕ ਟਨ ਉਪਜ ਹੀ ਲਿਆਂਦੀ ਗਈ।

ਪੁੰਛ 'ਚ ਸੁਰੱਖਿਆ ਮੁੱਦਿਆਂ 'ਤੇ ਸਖ਼ਤ ਕਾਰਵਾਈ !

ਪੁੰਛ 1 ਦਸੰਬਰ। ਜੰਮੂ-ਕਸ਼ਮੀਰ ਦੇ ਪੁੰਛ ਜ਼ਿਲ੍ਹੇ ਵਿੱਚ ਸੁਰੱਖਿਆ ਨਾਲ ਜੁੜੇ ਮੁੱਦਿਆਂ 'ਤੇ ਜ਼ਿਲ੍ਹਾ ਪ੍ਰਸ਼ਾਸਨ ਨੇ ਇੱਕ ਵੱਡਾ ਫੈਸਲਾ ਲਿਆ ਹੈ। ਜ਼ਿਲ੍ਹੇ ਵਿੱਚ ਵਰਚੁਅਲ ਪ੍ਰਾਈਵੇਟ ਨੈੱਟਵਰਕ ਸੇਵਾਵਾਂ ਦੀ ਵਰਤੋਂ 'ਤੇ ਤੁਰੰਤ ਪ੍ਰਭਾਵ ਨਾਲ ਪੂਰੀ ਤਰ੍ਹਾਂ ਪਾਬੰਦੀ ਲਗਾ ਦਿੱਤੀ ਗਈ ਹੈ। ਪ੍ਰਸ਼ਾਸਨ ਨੇ ਕਿਹਾ ਹੈ ਕਿ ਜਿਹੜੇ ਲੋਕ ਇਸ ਹੁਕਮ ਦੀ ਉਲੰਘਣਾ ਕਰਨਗੇ, ਉਨ੍ਹਾਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਹ ਆਦੇਸ਼ ਜ਼ਿਲ੍ਹਾ ਵਿਕਾਸ ਕਮਿਸ਼ਨਰ ਪੁੰਛ, ਅਸ਼ੋਕ ਕੁਮਾਰ ਸ਼ਰਮਾ ਦੁਆਰਾ ਜਾਰੀ ਕੀਤਾ ਗਿਆ ਹੈ। ਉਨ੍ਹਾਂ ਨੇ ਭਾਰਤੀ ਨਿਆ ਸੰਹਿਤਾ ਦੀ ਧਾਰਾ 163 ਦੇ ਤਹਿਤ ਇਹ ਹੁਕਮ ਜਾਰੀ ਕੀਤੇ ਹਨ। ਪ੍ਰਸ਼ਾਸਨ ਅਨੁਸਾਰ, VPN ਦੀ ਵਰਤੋਂ ਕਰਕੇ ਆਈ.ਪੀ. ਐਡਰੈੱਸ ਨੂੰ ਲੁਕਾਇਆ ਜਾ ਸਕਦਾ ਹੈ। ਇਸ ਨਾਲ ਬਲਾਕ ਕੀਤੀਆਂ ਵੈੱਬਸਾਈਟਾਂ ਅਤੇ ਫਾਇਰਵਾਲ ਨੂੰ ਬਾਈਪਾਸ ਕਰਕੇ ਐਨਕ੍ਰਿਪਟਡ ਡਾਟਾ ਸਾਂਝਾ ਕੀਤਾ ਜਾਂਦਾ ਹੈ। ਇਸਦੀ ਵਰਤੋਂ ਰਾਹੀਂ ਦੇਸ਼ ਵਿਰੋਧੀ ਕੰਟੈਂਟ ਰਾਹੀਂ ਦੇਸ਼ ਵਿਰੋਧੀ ਗਤੀਵਿਧੀਆਂ ਅਤੇ ਸੁਰੱਖਿਆ ਵਿਵਸਥਾ ਨੂੰ ਨੁਕਸਾਨ ਪਹੁੰਚਾਉਣ ਦਾ ਡਰ ਬਣਿਆ ਰਹਿੰਦਾ ਹੈ। ਇਸ ਖ਼ਤਰੇ ਦੇ ਮੱਦੇਨਜ਼ਰ ਪ੍ਰਸ਼ਾਸਨ ਨੇ VPN ਦੇ ਇਸਤੇਮਾਲ 'ਤੇ ਪੂਰੀ ਤਰ੍ਹਾਂ ਰੋਕ ਲਗਾ ਦਿੱਤੀ ਹੈ। ਪੁਲਸ ਪ੍ਰਸ਼ਾਸਨ ਨੂੰ ਇਸ ਨਿਯਮ ਦੀ ਸਖ਼ਤੀ ਨਾਲ ਪਾਲਣਾ ਕਰਵਾਉਣ ਅਤੇ ਉਲੰਘਣਾ ਕਰਨ 'ਤੇ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ। ਇਹ ਕਾਰਵਾਈ ਉਸ ਸਮੇਂ ਕੀਤੀ ਗਈ ਹੈ ਜਦੋਂ ਜੰਮੂ ਅਤੇ ਕਸ਼ਮੀਰ ਵਿੱਚ ਸੁਰੱਖਿਆ ਅਤੇ ਅੱਤਵਾਦ ਨਾਲ ਜੁ